ਕੈਨੇਡਾ
# ਪੰਜਾਬ ਲਿੰਕ

WEEKLY NEWSPAPER VOL. : 10 ISSUE : 10 SATURDAY, 5 MARCH, 2022

www.punjablinkpaper.com 604-503-5465



MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
- Residential Mortgage
- Construction Mortgage
- Commercial Loan
- Private Loan


SATNAM SAROYA
MORTGAGE SPECIALIST
HOMEKEY
604.760.9172
# 384-8148 128 St., Surrey
6303 Fraser St., Vancouver



Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- RESP,RRSP's
- ਮੋਰਟਗੇਜ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ

ਜਸਵੀਰ ਗਰੇਵਾਲ
778.317.6262
jasvirgrewal0596@gmail.com


# ਮੈਟਰੋ ਵੈਨਕੂਵਰ 'ਚ ਗੈਸ ਕੀਮਤਾਂ ਨੇ ਇਕ ਵਾਰ ਫਿਰ ਰਿਕਾਰਡ ਤੋੜੇ



ਵੈਨਕੂਵਰ-ਰੂਸ ਦੇ ਯੂਕਰੇਨ ਖਿਲਾਫ ਹਮਲੇ ਕਾਰਨ ਮੈਟਰੋ ਵੈਨਕੂਵਰ ਵਿਚ ਗੈਸ ਕੀਮਤਾਂ ਇਕ ਵਾਰ ਫਿਰ ਰਿਕਾਰਡ ਪੱਧਰ 'ਤੇ ਪਹੁੰਚ ਗਈਆਂ ਹਨ। ਰੀਜਨ ਵਿਚ ਕਈ ਸਟੇਸ਼ਨਾਂ 'ਤੇ ਬੁੱਧਵਾਰ ਸਵੇਰੇ ਗੈਸ ਦੀ ਕੀਮਤ 186.9 ਸੈਂਟ ਪ੍ਰਤੀ ਲਿਟਰ ਹੋ ਗਈ ਹੈ ਜਿਹੜੀ ਸਥਾਨਕ ਤੌਰ 'ਤੇ ਰਿਕਾਰਡ ਕੀਤੀ ਗਈ ਸਭ ਤੋਂ ਉੱਚੀ ਕੀਮਤ ਹੈ। ਪਿਛਲਾ ਰਿਕਾਰਡ 183.9 ਫ਼ੀਸਦੀ ਪ੍ਰਤੀ ਲਿਟਰ ਸੀ। ਰਿਕਾਰਡ ਕੀਮਤ ਦੇ ਬਾਵਜੂਦ ਘੱਟੋ ਘੱਟ ਇਕ ਸਟੇਸ਼ਨ 'ਤੇ ਸਵੇਰੇ ਲਗਪਗ 8 ਵਜੇ ਰੈਗੂਲਰ ਗੈਸ ਖਤਮ ਹੋ ਗਈ। ਵੈਨਕੂਵਰ ਵਿਚ 41ਵੀਂ ਐਵੀਨਿਊ ਅਤੇ ਓਕ ਸਟਰੀਟ ਦੇ ਕੋਨੇ ਵਿਖੇ ਪੈਟਰੋ-ਕੈਨੇਡਾ ਨੇ ਇਕ ਚਿੰਨ ਟੰਗ ਕੇ ਡਰਾਈਵਰਾਂ ਤੋਂ ਅਸੁਵਿਧਾ ਲਈ ਮੁਆਫੀ ਮੰਗੀ ਹੈ।

# ਯੂਕਰੇਨ ਲਈ ਅੰਤਰਰਾਸ਼ਟਰੀ ਸਮਰਥਨ ਤੋਂ ਰੂਸ ਹੈਰਾਨ ਤੇ ਪ੍ਰੇਸ਼ਾਨ-ਜਸਟਿਨ ਟਰੂਡੋ

## ਰੂਸ ਖ਼ਿਲਾ.ਫ ਹੋਰ ਪਾਬੰਦੀਆਂ ਲਗਾਈਆਂ ਜਾਣਗੀਆਂ

ਓਟਵਾ-ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਮੰਨਣਾ ਕਿ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਅਤੇ ਉਨ੍ਹਾਂ ਦੀ ਸਰਕਾਰ ਵਿਸ਼ਵ ਤੋਂ ਰੂਸ ਨੂੰ ਦੂਰ ਕਰਨ ਅਤੇ ਉਸ ਦੀ ਯੂਕਰੇਨ ਖਿਲਾਫ ਜੰਗ ਨੂੰ ਛੇਤੀ ਖਤਮ ਕਰਨ ਦੇ ਇਰਾਦੇ ਨਾਲ ਅੰਤਰਰਾਸ਼ਟਰੀ ਭਾਈਚਾਰੇ ਵਲੋਂ ਕੀਤੇ ਉਪਾਵਾਂ ਤੋਂ ਹੈਰਾਨ ਰਹਿ ਗਏ ਹਨ। ਪਾਰਲੀਮੈਂਟ ਹਿਲ ਵਿਖੇ ਲਿਬਰਲ ਕੌਕਸ ਦੀ ਮੀਟਿੰਗ ਨੂੰ ਜਾਂਦੇ ਸਮੇਂ ਟਰੂਡੋ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਮੇਰੇ ਖਿਆਲ ਵਿਚ ਸਭ ਤੋਂ ਮਹੱਤਵਪੂਰਣ ਗੱਲ ਹੈ ਕਿ ਅਸੀਂ ਇਕਜੁੱਟ ਹੋ ਕੇ ਅਤੇ ਇੰਨੇ ਜ਼ਿਆਦਾ ਦ੍ਰਿੜ ਹੋ ਕੇ ਪੁਤਿਨ ਨੂੰ ਹੈਰਾਨ ਕਰ ਦਿੱਤਾ ਹੈ। ਪੁਤਿਨ ਨੂੰ ਵੀ ਸ਼ਾਇਦ ਆਸ ਹੈ ਕਿ ਕੈਨੇਡਾ ਤੇ ਬਰਤਾਨੀਆ ਵਰਗੇ ਦੇਸ਼ ਪਾਬੰਦੀਆਂ ਨੂੰ ਅੱਗੇ ਵਧਾਉਣਗੇ। ਜਰਮਨੀ ਨੇ ਵੀ ਯੂਕਰੇਨ ਨੂੰ ਹਥਿਆਰ ਭੇਜਣ ਲਈ ਨੌਰਡ ਸਟਰੀਮ (ਗੈਸ ਪਾਈਪਲਾਈਨ ਪ੍ਰਾਜੈਕਟ) ਨੂੰ ਰੱਦ ਕਰ ਦਿੱਤਾ ਹੈ। ਇਹ ਇਸ ਤਰ੍ਹਾਂ ਦੀਆਂ ਗੱਲਾਂ ਹਨ ਜਿਸ ਨਾਲ ਮੇਰਾ ਖਿਆਲ ਹੈ ਕਿ ਰੂਸੀ ਸਿਸਟਮ ਹੱਕਾ ਬੱਕਾ ਹੋਇਆ ਹੋਵੇਗਾ ਕਿਉਂਕਿ ਅਸੀਂ ਸਿਰਫ ਯੂਕਰੇਨ ਲਈ ਹੀ ਨਹੀਂ ਸਗੋਂ ਲੋਕਤੰਤਰ ਦੇ ਸਿਧਾਂਤਾਂ ਲਈ ਇੰਨੇ ਜ਼ਿਆਦਾ ਇਕਜੁੱਟ ਤੇ ਖੜੇ ਹੋਏ ਹਾਂ। ਮੰਗਲਵਾਰ ਸੰਯੁਕਤ ਰਾਸ਼ਟਰ ਮਹਾਂ ਸਭਾ ਨੇ ਰੂਸ ਤੋਂ ਯੂਕਰੇਨ ਖਿਲਾਫ ਹਮਲੇ ਨੂੰ ਤੁਰੰਤ ਰੋਕਣ ਦੇ ਪੱਖ ਵਿਚ ਭਾਰੀ ਵੋਟਿੰਗ ਕੀਤੀ ਹੈ ਅਤੇ ਇਸ ਕਦਮ ਦਾ ਯੂਕਰੇਨ ਦੇ ਰਾਸ਼ਟਰਪਤੀ ਵੋਲਦੋਮੀਰ ਜ਼ੇਲੇਂਸਕੀ ਨੇ ਸ਼ਲਾਘਾ ਕੀਤੀ ਹੈ। ਮਤੇ ਦੇ ਪੱਖ ਵਿਚ 5 ਦੇ ਮੁਕਾਬਲੇ ਪਈਆਂ 141 ਵੋਟਾਂ ਪਿੱਛੋਂ ਉਸ ਨੇ ਟਵੀਟ ਕਰਦਿਆਂ ਕਿਹਾ ਕਿ ਦੁਨੀਆ ਸਾਡੇ ਨਾਲ ਹੈ।



(ਬਾਕੀ ਸਫ਼ਾ 10 'ਤੇ)


For All Kind of Real Estate Needs
ਕਾਬਲੀਅਤ, ਤਜ਼ਰਬਾ ਅਤੇ ਸਮਝਦਾਰੀ...
ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET DIDDEN
PERSONAL REAL ESTATE CORPORATION
Sutton WestCoast Realty
604-773-7870
Top 10% Realtor Of Fraser Valley Board
info@manpreetdidden.com
www.manpreetdidden.com



ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋਂ ਵੱਧ ਦਾ ਤਜ਼ਰਬਾ
ਮੁਫਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੌਇੰਟਮੈਂਟ
ARVINDER S. KALSEY AVINEET S. KALSEY
- ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
- ਅਸੀ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions & Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca



BALLOWAL MONEY EXCHANGE
#24 - 7711 128 St., Surrey
ਇੰਡੀਆ ਨੂੰ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਫੋਨ ਕਰੋ:
Sher Singh Grewal 778-723-6900
Jaskaran Singh 778-636-4086



A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119 -12888 - 80th Ave., Surrey PH: 604-598-2222
32088 Cedar Lane, Abbotsford PH: 604-615-2222



Punjab Insurance Agency Inc.
ਸੁਪਰ ਵੀਜ਼ਾ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ • ਮੋਰਟਗੇਜ ਇੰਸ਼ੋਰੈਂਸ
- ਡਿਸੇਬੀਲੀਟੀ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ
- ਕਰਿਟੀਕਲ ਇਲਨੈਸ ਇੰਸ਼ੋਰੈਂਸ
- RRSP & RESP
RASHMI AHUJA 604-603-1313 rashmi@punjabinsurance.ca
www.punjabinsurance.ca
SANDEEP AHUJA, CHS 604-996-6862 sandeepahuja@punjabinsurance.ca



Bank Turndown? Could be just what you need!
Quick Private Funds
- $10,000 to $1 Million in just 24 Hours
- Up to $5 Million Available
Call today to get started
SANJEEV KATYAL
604.767.5194
info@katyalmortgage.ca
invis
WWW.KATYALMORTGAGE.CA



Punjab Insurance Inc
LIFE INSURANCE
ਸੀਨੀਅਰ ਨਾਗਰਿਕ ਆਪਣੀ $100000 ਦੀ ਲਾਈਫ ਇੰਸ਼ੋਰੈਂਸ ਲਈ ਕਾੱਲ ਕਰੋ
Harpreet Rana
416-871-3571
www.harpreetrana.com



MORTGAGE SPECIALIST!
Residential Construction, Commercial and Private Mortgages
- Pre - Approval available in 24 Hours
- rate hold - 120 days
- Bad credit also welcome
AMANDEEP DUGGAL
MORTGAGE BROKER
A Better Way
604-368 -2030
604-227-9694
# 102-6321 King George Blvd, Surrey



TRANSource FREIGHTWAYS
*First Time Pin to Pin (ਯਾਰਡ ਤੋਂ ਯਾਰਡ)
ਕੰਮ ਲਈ Drivers & Owner Operators ਚਾਹੀਦੇ ਹਨ
ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ
SUKHBIR SINGH
604.525.0527 Ext. 112



ਪ੍ਰਦੇਸੀ Pardesi SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey



ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ। ਵਧੀਆ ਤਨਖਾਹ, ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਨ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤਸੱਲੀਬਖਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਉ
Lakhvir Singh Grewal: 778-881-0002

S | T & | A Simpson, Thomas & Associates
TRIAL LAWYERS

CELEBRATING 50 YEARS
*"The name that you know and trust"*

"Simpson, Thomas & Associates are a legal dream team. No other law firm could have fought this claim as it takes a lot of resources to fight a case of this nature."
– Former client commenting on the Jago wedding tragedy

# B.C.'s Pioneering Law Firm for Motor Vehicle and Personal Injury Cases

For over 50 years Simpson, Thomas & Associates (formerly Simpson & Company) have been advocates for personal injury victims seeking justice.

A+ Rated BBB ACCREDITED BUSINESS

"Many thanks to you and your team. Because of your assistance, we felt less stress and were able to focus on my father while you took care of the rest. Each time you attended our residence you left us feeling relieved."
– B.Sekhon

Our history of successfully settling ICBC claims has garnered respect from our clients, and within the legal and rehabilitation communities in B.C.

- Brain Injury
- Paraplegia
- Quadriplegia
- Spinal Cord Injury

**Translation Services Available**
STA has support staff fluent in Punjabi, Hindi and Gujarati.

**Your Needs Come First**
If mobility is a challenge, we can come to you.



Adam Ueland
LAWYER

**Call Simpson, Thomas & Associates at 604-229-6448 to request a free initial legal consultation or fill out our online form on simpsonthomas.com**

We have offices in Vancouver, Surrey/Delta, Abbotsford* and Burnaby.*
*By appointment only

Caring. Compassionate. Community-Focussed.

**ACCOUNTANT**
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting + Tax
LAKHJIT S. SARANG
604-613-9100



PUNJAB LINK
# ਪੰਜਾਬ ਲਿੰਕ
WEEKLY NEWSPAPER VOL.: 10 ISSUE: 10 SATURDAY, 5 MARCH, 2022
www.punjablinkpaper.com 604-503-5465



ਰੇਡੀਓ ਹੁਣ ਤੁਹਾਡੇ ਫੋਨ ਵਿੱਚ
Punjabi Link Radio
App Store / Google play
24 Hour Online Radio
ਪ੍ਰਭ ਕੀ ਬਾਣੀ 6.00am to 8:00am
ਕੁੱਝ ਖ਼ਬਰਾਂ ਕੁੱਝ ਗੀਤ 12:00pm to 2:00pm
B.C. Time Mon to Sat
Amarjit Singh
Surrey Studio: 778-564-5642
Office: 1-844-884-8840
www.punjabilinkradio.com


## ਪ੍ਰੋ: ਭੁੱਲਰ ਦੀ ਰਿਹਾਈ ਰੋਕਣ ਨਾਲ ਕੇਜਰੀਵਾਲ ਦਾ ਅਸਲ ਚਿਹਰਾ ਬੇਨਕਾਬ-ਸੁਖਬੀਰ ਸਿੰਘ ਬਾਦਲ



ਚੰਡੀਗੜ੍ਹ-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਹੈ ਕਿ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਰੋਕ ਕੇ ਦਿੱਲੀ ਦੇ ਮੁੱਖ ਮੰਤਰੀ ਤੇ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਆਖਿਰ ਆਪਣੀ ਸਿੱਖ ਵਿਰੋਧੀ ਤੇ ਪੰਜਾਬ ਵਿਰੋਧੀ ਪਛਾਣ ਸਾਹਮਣੇ ਰੱਖ ਦਿੱਤੀ ਹੈ। ਇੱਕ ਬਿਆਨ ਰਾਹੀਂ ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਕੇਜਰੀਵਾਲ ਦਾ ਦੋਗਲਾਪਣ ਅਤੇ ਪੰਜਾਬ ਵਿਰੋਧੀ ਸਟੈਂਡ ਬੇਨਕਾਬ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਹੁਣ ਭਗਵੰਤ ਮਾਨ ਤੇ ਹਰਪਾਲ ਚੀਮਾ ਨੂੰ ਜਵਾਬ ਦੇਣੇ ਪੈਣਗੇ ਕਿ ਉਨ੍ਹਾਂ ਦੀ ਪਾਰਟੀ ਸਿੱਖ ਅਤੇ ਪੰਜਾਬੀ ਵਿਰੋਧੀ ਕਿਉਂ ਹੈ। ਦਿੱਲੀ ਸਰਕਾਰ ਦੇ ਸਜ਼ਾ ਸਮੀਖਿਆ ਬੋਰਡ ਵੱਲੋਂ ਪ੍ਰੋ. ਭੁੱਲਰ ਦੀ ਰਿਹਾਈ ਲਈ ਸਿਫਾਰਸ਼ ਕਰਨ ਤੋਂ ਇਨਕਾਰ ਕਰਨ 'ਤੇ ਪ੍ਰਤੀਕਰਮ ਦਿੰਦਿਆਂ ਸ੍ਰੀ ਬਾਦਲ ਨੇ ਕਿਹਾ ਕਿ ਇਹ ਪੰਜਾਬੀਆਂ ਲਈ ਅਸਲੀਅਤ ਪਰਖਣ ਦਾ ਪਹਿਲਾ ਮੌਕਾ ਹੈ, ਜਿਨ੍ਹਾਂ ਨੇ ਕੇਜਰੀਵਾਲ ਦੇ ਚੋਣਾਂ ਦੌਰਾਨ ਪ੍ਰੋ. ਭੁੱਲਰ ਨੂੰ ਰਿਹਾਅ ਕਰਨ ਦੇ ਵਾਅਦਿਆਂ 'ਤੇ ਭਰੋਸਾ ਕੀਤਾ। ਉਨ੍ਹਾਂ ਕਿਹਾ ਕਿ ਅਕਾਲੀ ਦਲ ਵੱਲੋਂ 'ਆਪ' ਦੇ ਕਨਵੀਨਰ ਅਤੇ ਇਸ ਦੇ ਕੌਮੀ ਮੁਖੀ ਖ਼ਿਲਾਫ਼ ਲਗਾਏ ਜਾ ਰਹੇ ਦੋਸ਼ ਸੱਚ ਸਾਬਤ ਹੋ ਰਹੇ ਹਨ। ਪਾਰਟੀ ਪ੍ਰਧਾਨ ਨੇ ਕਿਹਾ ਕਿ ਭਾਵੇਂ ਕੇਜਰੀਵਾਲ ਨੇ ਸਜ਼ਾ ਸਮੀਖਿਆ ਬੋਰਡ ਨੂੰ ਮੀਟਿੰਗ ਕਰ ਕੇ ਪ੍ਰੋ. ਭੁੱਲਰ ਦੀ ਰਿਹਾਈ ਬਾਰੇ ਫ਼ੈਸਲਾ ਲੈਣ ਨੂੰ ਕਿਹਾ ਸੀ ਪਰ ਜਿਵੇਂ ਹੀ ਚੋਣਾਂ ਮੁੱਕੀਆਂ, ਉਸ ਨੇ ਆਪਣਾ ਅਸਲੀ ਰੰਗ ਦਿਖਾ ਦਿੱਤਾ। ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਅਕਾਲੀ ਦਲ ਹਮੇਸ਼ਾ ਪ੍ਰੋ. ਭੁੱਲਰ ਦੀ ਰਿਹਾਈ ਲਈ ਯਤਨ ਜਾਰੀ ਰੱਖੇਗਾ।

# ਮੋਦੀ ਸਰਕਾਰ ਨੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ 'ਚੋਂ ਪੰਜਾਬ ਤੇ ਹਰਿਆਣਾ ਨੂੰ ਕੀਤਾ ਬਾਹਰ

## ਪੰਜਾਬ ਸਰਕਾਰ ਵੱਲੋਂ ਵਿਰੋਧ ਦੇ ਬਾਵਜੂਦ ਕੇਂਦਰ ਵੱਲੋਂ ਨੋਟੀਫਿਕੇਸ਼ਨ ਜਾਰੀ



ਚੰਡੀਗੜ੍ਹ (ਚਰਨਜੀਤ ਭੁੱਲਰ, ਭੰਗੂ)-ਕੇਂਦਰ ਸਰਕਾਰ ਨੇ ਪੰਜਾਬ ਸਰਕਾਰ ਦੇ ਅਗਾਊਂ ਸਖ਼ਤ ਵਿਰੋਧ ਦੇ ਬਾਵਜੂਦ ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀਬੀਐੱਮਬੀ) ਵਿੱਚ ਪੱਕੀ ਮੈਂਬਰੀ ਦੇ ਮੁੱਦੇ 'ਤੇ ਪੰਜਾਬ ਨੂੰ ਬਾਹਰ ਕਰ ਦਿੱਤਾ ਹੈ। ਪੰਜਾਬ ਸਰਕਾਰ ਵੱਲੋਂ ਬੀਬੀਐੱਮਬੀ ਦੇ ਚੇਅਰਮੈਨ ਦੀ ਸੁਰੱਖਿਆ ਨੂੰ ਲੈ ਕੇ ਵੀ ਤੌਖਲੇ ਖੜ੍ਹੇ ਕੀਤੇ ਗਏ ਸਨ, ਪਰ ਇਨ੍ਹਾਂ ਸੁਰੱਖਿਆ ਕਾਰਨਾਂ ਨੂੰ ਵੀ ਕੇਂਦਰ ਨੇ ਨਜ਼ਰਅੰਦਾਜ਼ ਕਰ ਦਿੱਤਾ। ਕੇਂਦਰੀ ਬਿਜਲੀ ਮੰਤਰਾਲੇ ਨੇ 23 ਫਰਵਰੀ ਨੂੰ ਨੋਟੀਫਿਕੇਸ਼ਨ ਜਾਰੀ ਕਰ ਕੇ ਬੀਬੀਐੱਮਬੀ 'ਚ ਪੰਜਾਬ ਤੇ ਹਰਿਆਣਾ ਦੀ ਪੱਕੇ ਮੈਂਬਰਾਂ ਵਜੋਂ ਨੁਮਾਇੰਦਗੀ ਖ਼ਤਮ ਕਰ ਦਿੱਤੀ ਹੈ। ਹੁਣ ਨਵੇਂ ਤੱਥ ਸਾਹਮਣੇ ਆਏ ਹਨ ਕਿ 20 ਸਤੰਬਰ 2019 ਨੂੰ ਚੰਡੀਗੜ੍ਹ ਵਿਚ ਉੱਤਰੀ ਜ਼ੋਨਲ ਕੌਂਸਲ ਦੀ ਚੇਅਰਮੈਨ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਪ੍ਰਧਾਨਗੀ ਹੇਠ ਹੋਈ 29ਵੀਂ ਮੀਟਿੰਗ ਵਿਚ ਪੰਜਾਬ ਸਰਕਾਰ ਵੱਲੋਂ ਬੀਬੀਐੱਮਬੀ ਦੀ ਮੈਂਬਰੀ ਦੇ ਮੁੱਦੇ 'ਤੇ ਸਖ਼ਤ ਵਿਰੋਧ ਜਤਾਇਆ ਗਿਆ ਸੀ। ਮੀਟਿੰਗ ਵਿਚ ਪੰਜਾਬ, ਹਿਮਾਚਲ ਪ੍ਰਦੇਸ਼ ਤੇ ਹਰਿਆਣਾ ਦੇ ਮੁੱਖ ਮੰਤਰੀ ਵੀ ਸ਼ਾਮਲ ਸਨ। ਉਦੋਂ ਇਹ ਮਾਮਲਾ ਅਣਸੁਲਝਿਆ ਰੱਖ ਲਿਆ ਗਿਆ ਸੀ। ਹੁਣ ਕੇਂਦਰ ਸਰਕਾਰ ਨੇ ਸਬੰਧਿਤ ਸੂਬਿਆਂ ਦੀ ਸਹਿਮਤੀ ਤੋਂ ਬਿਨਾਂ ਇਹ ਨਵਾਂ ਫੈਸਲਾ ਲਿਆ ਹੈ। ਮੀਡੀਆ ਕੋਲ ਉੱਤਰੀ ਜ਼ੋਨਲ ਕੌਂਸਲ ਦੀ 29ਵੀਂ ਮੀਟਿੰਗ ਦੀ ਮੌਜੂਦ ਰਿਪੋਰਟ ਅਨੁਸਾਰ ਮੁੱਖ ਸਕੱਤਰ ਪੰਜਾਬ ਨੇ ਇਸ ਮੀਟਿੰਗ 'ਚ ਸਖ਼ਤ ਇਤਰਾਜ਼ ਪ੍ਰਗਟਾਏ ਸਨ। ਮੀਟਿੰਗ ਵਿਚ ਉਦੋਂ ਮੁੱਖ ਸਕੱਤਰ ਪੰਜਾਬ ਵੱਲੋਂ ਬੀਬੀਐੱਮਬੀ ਦੀ ਮੈਂਬਰੀ ਦੇ ਮਾਮਲੇ 'ਤੇ ਸਪਸ਼ਟ ਕਿਹਾ ਗਿਆ ਸੀ ਕਿ ਇਹ ਮੁੱਦਾ ਬਹੁਤ ਹੀ ਸੰਵੇਦਨਸ਼ੀਲ ਹੈ ਕਿਉਂਕਿ ਇਸ ਨਾਲ ਬੀਬੀਐੱਮਬੀ ਦੇ ਚੇਅਰਮੈਨ ਦੀ ਸੁਰੱਖਿਆ ਅਤੇ ਪੰਜਾਬ ਦੇ ਲੋਕਾਂ *(ਬਾਕੀ ਸਫ਼ਾ 10 'ਤੇ)*


GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

WE NOW OFFER OVER 40 PROGRAMS
StudentAidBC

| EDUCATION ASSISTANT $8000 | HEALTH CARE ASSISTANT $5250 | PHARMACY ASSISTANT $5500 | CERTIFIED DENTAL ASSISTANT $14,000 |
|---|---|---|---|
| WAGES:$24-$28 PER HOUR | WAGES:$17-$26.50 PER HOUR | WAGES:$19.61-$27.30 PER HOUR | WAGES:$26-$30 PER HOUR |

ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey Unit 201-8318 120 St.
Abbotsford Unit 201-3670 Townline Rd.
South Surrey Unit 204-15850 24 Ave

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੈਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਉਂਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਉਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre 80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਸਾਹਿਤਕਾਰ ਜੋੜੀ ਡਾ: ਗੁਰਮਿੰਦਰ ਸਿੱਧੂ ਤੇ ਡਾ: ਬਲਦੇਵ ਸਿੰਘ ਖਹਿਰਾ ਨਾਲ ਰੂਬਰੂ



ਸਰੀ (ਹਰਦਮ ਮਾਨ)-ਵੈਨਕੂਵਰ ਵਿਚਾਰ ਮੰਚ ਵੱਲੋਂ ਜਰਨੈਲ ਆਰਟ ਗੈਲਰੀ ਅਤੇ ਗੁਰਦੀਪ ਆਰਟਸ ਅਕੈਡਮੀ ਦੇ ਸਹਿਯੋਗ ਨਾਲ ਪੰਜਾਬੀ ਦੀ ਪ੍ਰਸਿੱਧ ਸਾਹਿਤਕਾਰ ਜੋੜੀ ਡਾ: ਗੁਰਮਿੰਦਰ ਸਿੱਧੂ ਅਤੇ ਡਾ: ਬਲਦੇਵ ਸਿੰਘ ਖਹਿਰਾ ਨਾਲ ਰੂਬਰੂ ਪ੍ਰੋਗਰਾਮ ਕਰਵਾਇਆ ਗਿਆ। ਪ੍ਰੋਗਰਾਮ ਦਾ ਸੰਚਾਲਨ ਕਰਦਿਆਂ ਸ਼ਾਇਰ ਮੋਹਨ ਗਿੱਲ ਨੇ ਡਾ: ਬਲਦੇਵ ਸਿੰਘ ਖਹਿਰਾ ਦੀ ਜਾਣ ਪਛਾਣ ਕਰਵਾਈ। ਉਨ੍ਹਾਂ ਕਿਹਾ ਕਿ ਡਾ: ਬਲਦੇਵ ਸਿੰਘ ਖਹਿਰਾ ਬਹੁਤ ਘੱਟ ਬੋਲਦੇ ਹਨ ਅਤੇ ਉਨ੍ਹਾਂ ਵਾਂਗ ਉਨ੍ਹਾਂ ਦੀ ਮਿੰਨੀ ਕਹਾਣੀ ਵੀ ਚੁੱਪ ਚੁਪੀਤੇ ਬਹੁਤ ਕੁਝ ਕਹਿ ਜਾਂਦੀ ਹੈ। ਡਾ: ਬਲਦੇਵ ਸਿੰਘ ਖਹਿਰਾ ਨੇ ਆਪਣੇ ਜੀਵਨ ਬਾਰੇ ਸੰਖੇਪ ਜਾਣਕਾਰੀ ਦਿੱਤੀ ਅਤੇ ਆਪਣੇ ਲਿਖਣ ਕਾਰਜ ਬਾਰੇ ਦੱਸਿਆ ਕਿ ਉਨ੍ਹਾਂ ਦੀ ਹਮਸਫ਼ਰ ਡਾ: ਗੁਰਮਿੰਦਰ ਸਿੱਧੂ ਦੁਆਰਾ ਸਿਰਜਿਆ ਸਾਹਿਤਕ ਮਾਹੌਲ ਹੀ ਉਨ੍ਹਾਂ ਦੇ ਸਾਹਿਤ ਵੱਲ ਪ੍ਰੇਰਿਤ ਹੋਣ ਅਤੇ ਕੁਝ ਲਿਖਣ ਦਾ ਸਬੱਬ ਬਣਿਆ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀਆਂ ਹੁਣ ਤਕ ਮਿੰਨੀ ਕਹਾਣੀ ਦੀਆਂ ਚਾਰ ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ ਅਤੇ ਉਨ੍ਹਾਂ ਨੂੰ ਖੁਸ਼ੀ ਹੈ ਕਿ ਪੰਜਾਬੀ ਪਾਠਕਾਂ ਵੱਲੋਂ ਉਨ੍ਹਾਂ ਦੀਆਂ ਕਹਾਣੀਆਂ ਨੂੰ ਭਰਪੂਰ ਹੁੰਗਾਰਾ ਦਿੱਤਾ ਗਿਆ ਹੈ। ਉਨ੍ਹਾਂ ਇਸ ਮੌਕੇ ਆਪਣੀ ਸਭ ਤੋਂ ਪ੍ਰਸਿੱਧ ਕਹਾਣੀ "ਦੋ ਨੰਬਰ ਦਾ ਬੂਟ", "ਥੋਹਰਾਂ ਦੇ ਸਿਰਨਾਵੇਂ", "ਲਹੂ ਚਿੱਟਾ ਹੋਇਆ" ਅਤੇ ਕੋਰੋਨਾ ਤੇ ਕਿਸਾਨ ਅੰਦੋਲਨ ਨਾਲ ਸੰਬਧਿਤ ਕੁਝ ਮਿੰਨੀ ਕਹਾਣੀਆਂ ਸੁਣਾਈਆਂ। ਉਪਰੰਤ ਡਾ: ਗੁਰਮਿੰਦਰ ਸਿੱਧੂ ਨੂੰ ਰੂਬਰੂ ਕਰਵਾਉਂਦਿਆਂ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ ਨੇ ਕਿਹਾ ਕਿ ਡਾ। ਨੇ ਕਵਿਤਾ ਅਤੇ ਵਾਰਤਕ ਦੇ ਖੇਤਰ ਵਿਚ ਬਹੁਤ ਸਾਰੀਆਂ ਮਹੱਤਵਪੂਰਨ ਰਚਨਾਵਾਂ ਪੰਜਾਬੀ ਸਾਹਿਤ ਦੀ ਝੋਲੀ ਵਿੱਚ ਪਾਈਆਂ ਹਨ ਅਤੇ ਆਉਂਦੇ ਦਿਨਾਂ ਵਿਚ ਉਹ ਇਕ ਉੱਚਪਾਏ ਦੀ ਰਚਨਾ ਨਾਲ ਪੰਜਾਬੀ ਨਾਵਲ ਖੇਤਰ ਵਿਚ ਪ੍ਰਵੇਸ਼ ਕਰ ਰਹੇ ਹਨ। ਉਨ੍ਹਾਂ ਵਿਸ਼ੇਸ਼ ਤੌਰ ਤੇ ਜ਼ਿਕਰ ਕੀਤਾ ਕਿ ਉਨ੍ਹਾਂ ਦੀ ਪੁਸਤਕ "ਚੌਮੁਖੀਆ ਇਬਾਰਤਾਂ" ਪੰਜਾਬੀ ਸਾਹਿਤ ਦੀ ਇੱਕ ਵਿਲੱਖਣ ਪ੍ਰਾਪਤੀ ਹੈ ਪਰ ਪੰਜਾਬੀ ਸਾਹਿਤ ਵਿੱਚ ਹਾਲੇ ਤਕ ਇਸ ਪੁਸਤਕ ਦੀ ਉਸ ਪੱਧਰ ਤੇ ਚਰਚਾ ਨਹੀਂ ਹੋ ਸਕੀ ਜਿਸ ਦੀ ਕਿ ਇਹ ਪੁਸਤਕ ਹੱਕਦਾਰ ਹੈ। ਡਾ: ਗੁਰਮਿੰਦਰ ਸਿੱਧੂ ਨੇ ਆਪਣੇ ਜੀਵਨ ਬਾਰੇ ਸੰਖੇਪ ਚਾਨਣਾ ਪਾਇਆ ਅਤੇ ਵਿਸ਼ੇਸ਼ ਤੌਰ ਤੇ ਆਪਣੇ ਵਿਆਹ ਬਾਰੇ ਬਹੁਤ ਹੀ ਰੌਚਿਕ ਕਿੱਸਾ ਬਿਆਨ ਕੀਤਾ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਤੀਜੀ ਚੌਥੀ ਜਮਾਤ ਵਿਚ ਹੀ ਕਵਿਤਾ ਲਿਖਣੀ ਸ਼ੁਰੂ ਕਰ ਦਿੱਤੀ ਸੀ। ਉਨ੍ਹਾਂ ਉਸ ਕਵਿਤਾ ਦੀਆਂ ਕੁਝ ਪੰਕਤੀਆਂ ਵੀ ਸਾਂਝੀਆਂ ਕੀਤੀਆਂ। ਉਨ੍ਹਾਂ ਹੁਣ ਤੱਕ ਆਪਣੇ ਕਾਵਿ ਖੇਤਰ ਤੇ ਵਾਰਤਕ ਖੇਤਰ ਵਿਚ ਰਚਿਤ ਸਾਹਿਤ ਬਾਰੇ ਚਰਚਾ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਰਚਨਾਤਮਕ ਕਾਰਜ ਵਿਚ ਉਨ੍ਹਾਂ ਦੇ ਪਤੀ ਡਾ। ਬਲਦੇਵ ਸਿੰਘ ਖਹਿਰਾ ਨੇ ਉਨ੍ਹਾਂ ਦਾ ਵਿਸ਼ੇਸ਼ ਸਾਥ ਦਿੱਤਾ ਹੈ। ਉਨ੍ਹਾਂ ਆਪਣੀ ਪੁਸਤਕ "ਚੌਮੁਖੀਆ ਇਬਾਰਤਾਂ" ਵਿੱਚੋਂ ਬਹੁਤ ਹੀ ਦਿਲਚਸਪ ਕੁਝ ਵੰਨਗੀਆਂ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ। ਇਸ ਮੌਕੇ ਗੁਰਦੀਪ ਆਰਟਸ ਅਕੈਡਮੀ ਦੇ ਸੰਚਾਲਕ ਗੁਰਦੀਪ ਭੁੱਲਰ, ਹਰਦਮ ਸਿੰਘ ਮਾਨ, ਬਹੁਪੱਖੀ ਕਲਾਕਾਰ ਬਿੱਲਾ ਤੱਖੜ ਅਤੇ ਸ਼ਾਇਰਾ ਦਵਿੰਦਰ ਕੌਰ ਜੌਹਲ ਨੇ ਆਪਣੇ ਸਵਾਲਾਂ ਰਾਹੀਂ ਦੋਹਾਂ ਸਾਹਿਤਕਾਰਾਂ ਦੇ ਰਚਨਾਤਮਕ ਸਫ਼ਰ ਬਾਰੇ ਵਿਸ਼ੇਸ਼ ਦਿਲਚਸਪੀ ਦਿਖਾਈ। ਅੰਤ ਵਿਚ ਜਰਨੈਲ ਆਰਟ ਗੈਲਰੀ ਦੇ ਰੂਹੇ-ਰਵਾਂ ਅਤੇ ਪ੍ਰਸਿੱਧ ਆਰਟਿਸਟ ਜਰਨੈਲ ਸਿੰਘ ਨੇ ਮਹਿਮਾਨ ਸਾਹਿਤਕਾਰ ਜੋੜੀ ਅਤੇ ਸਮੂਹ ਹਾਜ਼ਰੀਨ ਦਾ ਧੰਨਵਾਦ ਕੀਤਾ।




# ਫਰੀਡਮ ਕਾਫਲੇ ਦੀ ਪ੍ਰਬੰਧਕ ਟਮੈਰਾ ਲਿਚ ਨੂੰ ਅਜੇ ਹੋਰ ਹਿਰਾਸਤ ਵਿਚ ਰਹਿਣਾ ਪਵੇਗਾ

ਓਟਵਾ-ਫਰੀਡਮ ਕਾਫਲੇ ਦੇ ਵਿਰੋਧ ਪ੍ਰਦਰਸ਼ਨਾਂ ਵਿਚ ਸਭ ਤੋਂ ਜ਼ਿਆਦਾ ਦਿਖਾਈ ਦੇਣ ਵਾਲੇ ਪ੍ਰਬੰਧਕਾਂ ਵਿਚੋਂ ਇਕ ਟਮੈਰਾ ਲਿਚ ਨੂੰ ਇਕ ਹੋਰ ਵੀਕਐਂਡ ਹਿਰਾਸਤ ਵਿਚ ਰਹਿਣਾ ਪਵੇਗਾ ਕਿਉਂਕਿ ਉਸ ਨੂੰ ਜ਼ਮਾਨਤ ਸਮੀਖਿਆ ਦੇ ਫ਼ੈਸਲੇ ਦੀ ਉਡੀਕ ਕਰਨੀ ਪਵੇਗੀ। ਪਿਛਲੇ ਹਫ਼ਤੇ ਤਮਾਰਾ ਲਿਚ ਨੂੰ ਓਨਟਾਰੀਓ ਕੋਰਟ ਦੇ ਜੱਜ ਨੇ ਇਹ ਕਹਿੰਦੇ ਹੋਏ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ ਸੀ ਕਿ ਜੇਕਰ ਉਸ ਨੂੰ ਰਿਹਾਅ ਕੀਤਾ ਗਿਆ ਤਾਂ ਉਸ ਵਲੋਂ ਅਪਰਾਧ ਕਰਨ ਦੀ ਬਹੁਤ ਜ਼ਿਆਦਾ ਸੰਭਾਵਨਾ ਹੈ। ਲਿਚ ਦੇ ਵਕੀਲ ਨੇ ਦਲੀਲ ਦਿੱਤੀ ਕਿ ਫ਼ੈਸਲਾ ਪਲਟਿਆ ਜਾਵੇ। ਲਿਚ ਕਾਫਲੇ ਲਈ ਪੈਸੇ ਇਕੱਠਾ ਕਰਨ ਵਾਲੀ ਮੁਹਿਮ ਗੋਫੰਡਮੀ ਦੇ ਪਿੱਛੇ ਸੀ ਜਿਸ ਨੂੰ 10 ਮਿਲੀਅਨ ਡਾਲਰ ਇਕੱਤਰ ਕਰਨ ਪਿੱਛੋਂ ਬੰਦ ਕਰ ਦਿੱਤਾ ਗਿਆ ਸੀ। ਮੈਡੀਸਨ ਹੈਟ ਦੀ ਵਾਸੀ ਲਿਚ 'ਤੇ ਸ਼ਰਾਰਤ ਲਈ ਸਲਾਹ ਦੇਣ ਦਾ ਦੋਸ਼ ਹੈ। ਲੰਬਾ ਜ਼ਮਾਨਤ ਸਮੀਖਿਆ ਦਾ ਮਤਲਬ ਇਹ ਪਤਾ ਲਗਾਉਣਾ ਹੈ ਕਿ ਕੀ ਪਿਛਲੇ ਜੱਜ ਨੇ ਕੋਈ ਗਲਤੀ ਕੀਤੀ ਹੈ ਜਾਂ ਕੀ ਲਿਚ ਦੇ ਭੌਤਿਕ ਹਾਲਾਤ ਬਦਲ ਗਏ ਹਨ। ਅਦਾਲਤ ਨੇ ਨਵੇਂ ਜਾਮਨ ਦੇ ਬਿਆਨ ਸੁਣੇ ਜਿਹੜਾ ਲਿਚ ਦਾ ਰਿਸ਼ਤੇਦਾਰ ਹੈ ਪਰ ਪ੍ਰਕਾਸ਼ਨ ਪਾਬੰਦੀ ਤਹਿਤ ਉਸ ਦੀ ਪਛਾਣ ਨਹੀਂ ਦੱਸੀ ਜਾ ਸਕਦੀ। ਇਸ ਤੋਂ ਪਹਿਲਾਂ ਲਿਚ ਦਾ ਪਤੀ ਡਾਇਨੇ ਲਿਚ ਨੂੰ ਜ਼ਾਮਨ ਵਜੋਂ ਨਾਮਜ਼ਦ ਕੀਤਾ ਗਿਆ ਸੀ। ਕਈ ਘੰਟਿਆਂ ਦੀਆਂ ਦਲੀਲਾਂ ਪਿੱਛੋਂ ਜਸਟਿਸ ਜੌਹਨ ਜੌਹਨਸਟਨ ਨੇ ਕਿਹਾ ਕਿ ਬੁੱਧਵਾਰ ਕੋਈ ਫ਼ੈਸਲਾ ਨਹੀਂ ਹੋਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਉਨ੍ਹਾਂ ਦਾ ਸ਼ਡਿਊਲ ਵੀਰਵਾਰ ਜਾਂ ਸ਼ੁੱਕਰਵਾਰ ਫ਼ੈਸਲਾ ਲੈਣ ਦੀ ਇਜਾਜ਼ਤ ਨਹੀਂ ਦਿੰਦਾ ਜਿਸ ਦਾ ਮਤਲਬ ਲਿਚ ਨੂੰ ਘੱਟੋ ਘੱਟ 7 ਮਾਰਚ ਤਕ ਹਿਰਾਸਤ ਵਿਚ ਰਹਿਣਾ ਪਵੇਗਾ।






# ਸਰੀ ਵਿਚ ਇਕ ਨੌਜਵਾਨ ਕਾਰ ਵਿਚ ਜ਼ਖ਼ਮੀ ਹਾਲਤ ਵਿਚ ਮਿਲਿਆ

ਸਰੀ (ਹਰਦਮ ਮਾਨ)-ਸਰੀ ਵਿੱਚ ਅੱਜ ਇਕ ਹੋਰ ਨੌਜਵਾਨ ਦੇ ਗੋਲੀ ਲੱਗਣ ਨਾਲ ਜ਼ਖ਼ਮੀ ਹੋਣ ਦੀ ਸੂਚਨਾ ਮਿਲੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸ਼ਾਮ 7:30 ਵਜੇ 104 ਐਵੇਨਿਊ ਤੇ 143 ਸਟਰੀਟ ਤੇ ਇਹ ਨੌਜਵਾਨ ਇਕ ਕਾਰ ਵਿਚ ਜ਼ਖ਼ਮੀ ਹਾਲਤ ਵਿਚ ਮਿਲਿਆ। ਇਸ ਘਟਨਾ ਦਾ ਪਤਾ ਉਦੋਂ ਲੱਗਿਆ ਜਦੋਂ 104 ਐਵੀਨਿਊ ਤੇ ਕਾਲੇ ਰੰਗ ਦੀ ਇਕ ਕਾਰ ਸੜਕ ਦੇ ਵਿਚਕਾਰ ਖੜ੍ਹੀ ਸੀ, ਕਾਰ ਸਟਾਰਟ ਸੀ। ਕੁਝ ਦੇਰ ਕਾਰ ਇਸ ਤਰ੍ਹਾਂ ਸੜਕ ਵਿਚਕਾਰ ਖੜ੍ਹੀ ਦੇਖ ਕੇ ਕੁਝ ਲੋਕ ਕਾਰ ਦੇ ਨੇੜੇ ਆਏ ਤਾਂ ਦੇਖਿਆ ਕਿ ਕਾਰ ਦੇ ਡ੍ਰਾਈਵਿੰਗ ਵਾਲੇ ਸ਼ੀਸ਼ੇ ਵਿੱਚ ਗੋਲੀਆਂ ਦੇ ਨਿਸ਼ਾਨ ਸਨ। ਕਾਰ ਅੰਦਰੋਂ ਲੌਕ ਹੋਣ ਕਰਕੇ ਉਸ ਦੀ ਖਿੜਕੀ ਨਹੀਂ ਸੀ ਖੁੱਲ੍ਹ ਰਹੀ। ਫੋਨ ਕਰ ਕੇ ਪੁਲਿਸ ਨੂੰ ਬੁਲਾਇਆ ਗਿਆ। ਪੁਲਿਸ ਨੇ ਆ ਕੇ ਲੌਕ ਤੋੜ ਕੇ ਕਾਰ ਦੀ ਖਿੜਕੀ ਖੋਲ੍ਹੀ ਅਤੇ ਇਹ ਉਸ ਜ਼ਖ਼ਮੀ ਨੌਜਵਾਨ ਨੂੰ ਹਸਪਤਾਲ ਲਿਜਾਇਆ ਗਿਆ। ਬਾਅਦ ਵਿਚ 104 ਐਵੇਨਿਊ ਤੇ 142 ਸਟ੍ਰੀਟ ਨੂੰ 144 ਸਟ੍ਰੀਟ ਤੱਕ ਸੀਲ ਕਰ ਦਿੱਤਾ ਗਿਆ। ਪੀੜਤ ਨੌਜਵਾਨ ਕਰੀਬ 20 ਸਾਲ ਦਾ ਗੋਰਾ ਦੱਸਿਆ ਜਾ ਰਿਹਾ ਹੈ। ਪੁਲੀਸ ਵੱਲੋਂ ਇਸ ਸਬੰਧੀ ਅਜੇ ਤੱਕ ਕੋਈ ਜਾਣਕਾਰੀ ਜਨਤਕ ਨਹੀਂ ਕੀਤੀ ਗਈ।



# ਕੈਨੇਡਾ ਵੱਲੋਂ ਰੂਸੀ ਜਹਾਜ਼ਾਂ ਲਈ ਏਅਰ ਸਪੇਸ ਬੰਦ

ਕੈਲਗਰੀ (ਕਮਲਜੀਤ ਬੁੱਟਰ)-ਕੈਨੇਡਾ ਅਤੇ ਯੂਰੋਪ ਦੇ ਕਈ ਮੁਲਕਾਂ ਨੇ ਰੂਸੀ ਜਹਾਜ਼ਾਂ ਵਾਸਤੇ ਆਪੋ ਆਪਣੇ ਏਅਰ ਸਪੇਸ ਬੰਦ ਕਰਨ ਦਾ ਐਲਾਨ ਕੀਤਾ ਹੈ। ਰੂਸ ਉੱਪਰ ਜੰਗ ਬੰਦ ਕਰਨ ਦਾ ਦਬਾਅ ਪਾਉਂਦਿਆਂ ਇਹ ਕਦਮ ਚੁੱਕਿਆ ਗਿਆ ਹੈ। ਅਮੈਰਿਕਾ ਵੱਲੋਂ ਅਜਿਹਾ ਹੀ ਕਦਮ ਚੁੱਕੇ ਜਾਣ 'ਤੇ ਵਿਚਾਰ ਕੀਤਾ ਜਾ ਰਿਹਾ ਹੈ। ਇਸੇ ਦੌਰਾਨ ਰੂਸੀ ਏਅਰਲਾਇਨ, ਏਅਰੋਫ਼ਲੋਟ ਦੀ ਫ਼ਲਾਇਟ 111 ਮਾਇਐਮੀ ਤੋਂ ਮੌਸਕੋ ਜਾਂਦੇ ਹੋਏ ਪਾਬੰਦੀ ਲੱਗੀ ਹੋਣ ਦੇ ਬਾਵਜੂਦ ਕੈਨੇਡਾ ਦੇ ਏਅਰ-ਸਪੇਸ ਵਿੱਚੋਂ ਦੀ ਗੁਜ਼ਰ ਗਈ ਜਿਸ ਦੀ ਹੁਣ ਜਾਂਚ ਕੀਤੀ ਜਾਵੇਗੀ।




## ਅਲਬਰਟਾ ਸੂਬੇ ਨੇ ਰਸ਼ੀਅਨ ਸ਼ਰਾਬ ਕੀਤੀ ਬੰਦ

ਅਲਬਰਟਾ ਸਰਕਾਰ ਨੇ ਇਕ ਅਹਿਮ ਫੈਲਸਾ ਲੈਂਦਿਆਂ ਗੇਮਿੰਗ, ਲਿਕਰ ਐਂਡ ਕੈਨਾਬਿਸ ਕਮਿਸ਼ਨ - ਏ ਜੀ ਐਲ ਸੀ। ਨੂੰ ਕਿਹਾ ਹੈ ਕਿ ਸੂਬੇ ਭਰ ਤੇ ਲਿਕਰ ਸਟੋਰਾਂ ਤੋਂ ਰਸ਼ੀਅਨ ਸ਼ਰਾਬ ਦੀ ਵਿਕਰੀ ਰੋਕ ਦਿੱਤੀ ਜਾਵੇ। ਪ੍ਰੀਮੀਅਰ ਜੇਸਨ ਕੈਨੀ ਵੱਲੋਂ ਜਾਰੀ ਇਕ ਟਿੱਪਣੀ ਵਿੱਚ ਕਿਹਾ ਗਿਆ ਹੈ ਕਿ ਸੂਬਾ, ਯੁਕ੍ਰੇਨ ਦੇ ਨਾਲ ਖੜ੍ਹਾ ਹੈ ਤੇ ਰੂਸ ਨੂੰ ਆਰਥਕ ਸੱਟ ਮਾਰਨ ਵਾਸਤੇ ਇਹ ਜ਼ਰੂਰੀ ਹੈ ਕਿ ਉਸ ਦੀਆਂ ਵਸਤਾਂ 'ਤੇ ਪਾਬੰਦੀ ਲਗਾਈ ਜਾਵੇ। ਇਸ ਦੇ ਚੱਲਦਿਆਂ ਸੂਬੇ ਭਰ ਦੇ ਲਿਕਰ ਸਟੋਰਾਂ ਨੂੰ ਕਿਹਾ ਗਿਆ ਹੈ ਕਿ ਉਹ ਰੂਸ ਦੀ ਬਣੀ ਸ਼ਰਾਬ ਸਟੋਰਾਂ 'ਤੇ ਨਾ ਵੇਚਣ। ਹੁਣ ਰੂਸੀ ਸ਼ਰਾਬ ਵਾਸਤੇ ਕੋਈ ਨਵਾਂ ਸਟੌਕ ਨਹੀਂ ਆਵੇਗਾ ਤੇ ਨਾ ਹੀ ਲਿਕਰ ਸਟੋਰ ਏਜੀਐਲਸੀ ਦੇ ਵੇਅਰ ਹਾਉਸ ਤੋਂ ਇਹ ਸ਼ਰਾਬ ਖ਼ਰੀਦਣਗੇ। ਉਹਨਾਂ ਲੋਕਾਂ ਨੂੰ ਵੀ ਅਪੀਲ ਕੀਤੀ ਹੈ ਕਿ ਰੂਸੀ ਸ਼ਰਾਬ ਨਾ ਪੀਣ। ਐਲਬਰਟਾ ਸਰਕਾਰ ਵੱਲੋਂ ਯੁਕ੍ਰੇਨ ਨੂੰ 1 ਮਿਲੀਅਨ ਡੌਲਰਜ਼ ਦੀ ਸਹਾਇਤਾ ਵੀ ਭੇਜੀ ਜਾ ਰਹੀ ਹੈ।

# 47 ਸਾਲਾ ਵਿਅਕਤੀ ਨੇ ਯੂਕਰੇਨ ਦੀ ਮਦਦ ਲਈ ਛੱਡਿਆ ਆਪਣਾ ਪਰਿਵਾਰ

ਮਾਂਟਰੀਅਲ-ਮਾਂਟਰੀਅਲ ਦੇ ਉਪਨਗਰ ਵਿਚ ਪਰਿਵਾਰ ਨਾਲ ਰਹਿਣ ਵਾਲਾ 47 ਸਾਲਾ ਸੰਗੀਤਕਾਰ ਅਤੇ ਤਿੰਨ ਬੱਚਿਆਂ ਦਾ ਬਾਪ 47 ਸਾਲਾ ਮਾਈਖਾਈਲੋ ਸੁਲੀਮਾ ਯੂਕਰੇਨ ਦੀ ਰਾਖੀ ਵਿਚ ਮਦਦ ਲਈ ਆਪਣੇ ਮੂਲ ਦੇਸ਼ ਯੂਕਰੇਨ ਲਈ ਰਵਾਨਾ ਹੋ ਗਿਆ। ਸੁਲੀਮਾ ਇਕ ਕੋਰਲ ਗਾਇਕਾ ਹੈ ਜਿਹੜਾ ਪੋਆਇੰਟ ਕਲੇਅਰ ਵਿਚ ਆਪਣੀ ਪਤਨੀ ਤੇ ਤਿੰਨ ਬੱਚਿਆਂ ਨਾਲ ਪਿਛਲੇ ਅੱਠ ਸਾਲਾਂ ਤੋਂ ਰਹਿ ਰਿਹਾ ਹੈ ਨੇ ਸੋਮਵਾਰ ਸ਼ਾਮ ਮਾਂਟਰੀਅਲ ਹਵਾਈ ਅੱਡੇ 'ਤੇ ਆਪਣੇ ਪਰਿਵਾਰ ਨੂੰ ਅਲਵਿਦਾ ਕਿਹਾ ਅਤੇ ਆਪਣੇ ਮੂਲ ਦੇਸ਼ ਯੂਕਰੇਨ ਨੂੰ ਜਾਣ ਵਾਲੀ ਉਡਾਨ 'ਤੇ ਸਵਾਰ ਹੋ ਗਿਆ। ਉਸ ਦਾ ਕਹਿਣਾ ਕਿ ਹੁਣ ਰੂਸ ਨਾਲ ਜੰਗ ਵਿਚ ਮੋਹਰਲੀਆਂ ਕਤਾਰਾਂ ਵਿਚ ਜਾਣਾ ਉਸ ਦਾ ਫਰਜ਼ ਹੈ। ਹਵਾਈ ਅੱਡੇ 'ਤੇ ਉਸ ਨੇ ਇਕ ਮੁਲਾਕਾਤ ਵਿਚ ਕਿਹਾ ਕਿ ਉਹ ਜੰਗ ਲੜਨ ਜਾ ਰਿਹਾ ਹੈ। ਇਹ ਮੇਰੀ ਭੂਮਿਕਾ ਹੈ। ਉਸ ਨੂੰ ਆਪਣੀ ਮਾਤਰਭੂਮੀ ਨੂੰ ਬਚਾਉਣ ਦੀ ਲੋੜ ਹੈ। ਉਂਜ ਉਸ ਨੇ ਸਵੀਕਾਰ ਕੀਤਾ ਕਿ ਉਸ ਨੇ ਕਦੇ ਵੀ ਹਥਿਆਰ ਨਹੀਂ ਚੁੱਕੇ ਅਤੇ ਨਾ ਹੀ ਲੜਾਈ ਦਾ ਤਜਰਬਾ ਹੈ। ਉਸ ਦੀਆਂ ਧੀਆਂ ਵਿਚੋਂ ਇਕ ਨੇ ਕਿਹਾ ਕਿ ਉਸ ਨੂੰ ਆਪਣੇ ਪਿਤਾ 'ਤੇ ਮਾਣ ਹੈ ਕਿਉਂਕਿ ਉਹ ਸਾਡੇ ਦੇਸ਼ ਲਈ ਲੜਾਈ ਲੜਨ ਜਾ ਰਿਹਾ ਹੈ।

# ਕੈਲਗਰੀ ਦੇ ਰੱਖਰਾ ਪਰਿਵਾਰ ਨੂੰ ਸਦਮਾ-ਮਾਤਾ ਅੰਮ੍ਰਿਤ ਕੌਰ ਸੁਰਗਵਾਸ

ਸਰੀ (ਹਰਦਮ ਮਾਨ)-ਕੈਲਗਰੀ ਦੇ ਰੱਖਰਾ ਪਰਿਵਾਰ ਨੂੰ ਉਸ ਸਮੇਂ ਭਾਰੀ ਸਦਮਾ ਲੱਗਿਆ ਜਦੋਂ ਮਾਤਾ ਅੰਮ੍ਰਿਤ ਕੌਰ 24 ਫਰਵਰੀ ਨੂੰ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਦਾ ਅੰਤਿਮ ਸੰਸਕਾਰ 4 ਮਾਰਚ ਨੂੰ ਦੁਪਹਿਰ 12:00 ਵਜੇ ਚੁਆਇਸ ਮੈਮੋਰੀਅਲ ਕ੍ਰੀਮੇਸ਼ਨ 105-4715, 13 ਸਟਰੀਟ 'ਓ ਕੈਲਗਰੀ ਵਿਖੇ ਹੋਵੇਗਾ ਅਤੇ ਸਹਿਜ ਪਾਠ ਦਾ ਭੋਗ ਬਾਅਦ ਦੁਪਹਿਰ 2:00 ਵਜੇ ਗੁਰਦੁਆਰਾ ਗੁਰੂ ਰਾਮਦਾਸ ਦਰਬਾਰ 5225, 84 ਸਟਰੀਟ 'ਓ ਕੈਲਗਰੀ ਵਿਖੇ ਪਵੇਗਾ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਮਨਪ੍ਰੀਤ ਕੌਰ ਫਰਵਾਹਾ - ਅਰਸ਼ਦੀਪ ਸਿੰਘ ਫਰਵਾਹਾ (ਧੀ ਅਤੇ ਜਵਾਈ), ਰਵਿੰਦਰ ਸਿੰਘ ਰੱਖਰਾ - ਸੁਖਵਿੰਦਰ ਕੌਰ ਰੱਖਰਾ (ਪੁੱਤਰ ਅਤੇ ਨੂੰਹ) ਅਤੇ ਜਸਵਿੰਦਰ ਸਿੰਘ ਰੱਖਰਾ - ਨਵਨੀਤ ਕੌਰ ਰੱਖਰਾ (ਪੁੱਤਰ ਅਤੇ ਨੂੰਹ) ਨਾਲ ਸੰਪਰਕ ਕੀਤਾ ਜਾ ਸਕਦਾ ਹੈ।



ਸ. ਮੈਹਿੰਗਾ ਸਿੰਘ ਸਰਾਫ਼ ਮੁੱਲਾਂਪੁਰ ਵਾਲੇ
S & S Jewellers Ltd.
Authorized Dealer
20% OFF SEIKO, PULSAR ALL Watches
(3 Yrs Limited Warranty)
Specializing in:
22 Kt & 24 Kt
- Ready Made & Custom Made
- Jewellery, Repairs - Lucky Birth Stones
- Appraisals
Diamond Ring 50% Off
Surjit S. Kanda * Avtar S. Kanda
604.582.5849
9269 - 120 St. Delta BC V4C 6R8



DAY AND NIGHT LABOUR LTD.
ਗਰੀਨ ਹਾਊਸ ਵਰਕਰਾਂ ਦੀ ਲੋੜ
- ਸਾਨੂੰ ਗਰੀਨ ਹਾਊਸ ਵਿਚ ਗਰੇਡਿੰਗ ਅਤੇ ਪੈਕਿੰਗ ਕਰਨ ਲਈ ਵਰਕਰਾਂ ਦੀ ਲੋੜ ਹੈ।
- ਸਿਰਫ ਕੈਨੇਡੀਅਨ ਸਿਟੀਜ਼ਨ, ਪੀ.ਆਰ. ਹੋਲਡਰ ਅਤੇ ਓਪਨ ਵਰਕ ਪਰਮਿਟ ਵਾਲੇ ਹੀ ਸੰਪਰਕ ਕਰਨ।
- ਵਧੀਆ ਤਨਖਾਹ ਦਿੱਤੀ ਜਾਵੇਗੀ।
- ਸਰੀ, ਡੈਲਟਾ ਤੋਂ ਘਰੋਂ ਲਿਜਾਣ ਅਤੇ ਛੱਡਣ ਲਈ ਫਰੀ ਰਾਈਡ ਦਾ ਪ੍ਰਬੰਧ।
- ਸਾਨੂੰ ਨਰਸਰੀ ਵਰਕਰਾਂ ਦੀ ਵੀ ਲੋੜ ਹੈ।
ਅੱਜ ਹੀ ਸੰਪਰਕ ਕਰੋ:
ਸੰਨੀ ਸੰਧਰ 604-727-2421



ਸੰਪਾਦਕੀ

## ਰੂਸ ਦਾ ਯੂਕਰੇਨ ਤੇ ਹਮਲਾ

# ਜੰਗ ਕਿਸੇ ਮਸਲੇ ਦਾ ਹੱਲ ਨਹੀਂ...

ਸੁਖਵਿੰਦਰ ਸਿੰਘ ਚੋਹਲਾ

ਆਮ ਕਿਹਾ ਜਾਂਦਾ ਹੈ ਕਿ ਦੁਨੀਆਂ ਨੂੰ ਜੰਗ ਨਹੀਂ ਅਮਨ ਦੀ ਜ਼ਰੂਰਤ ਹੈ। ਵਿਸ਼ਵ ਸ਼ਾਂਤੀ ਦੀ ਹਰ ਮੁਲਕ ਅਤੇ ਹਰ ਸ਼ਹਿਰੀ ਵਲੋਂ ਗੱਲ ਕੀਤੀ ਜਾਂਦੀ ਹੈ ਪਰ ਇਸਦੇ ਬਾਵਜੂਦ ਮੁਲਕਾਂ ਵਿਚਾਲੇ ਕੁਝ ਵਿਵਾਦ ਅਜਿਹੇ ਉਲਝ ਜਾਂਦੇ ਹਨ, ਜਿਹਨਾਂ ਨੂੰ ਸੁਲਝਾਉਣ ਲਈ ਜਾਂ ਦੂਸਰੀ ਧਿਰ ਨੂੰ ਝੁਕਾਉਣ ਲਈ ਜੰਗ ਚੋ ਹੀ ਹੱਲ ਤਲਾਸ਼ਿਆ ਜਾਂਦਾ ਹੈ। ਭਾਵੇਂਕਿ ਸੱਚਾਈ ਇਹ ਹੈ ਕਿ ਜੰਗ ਕਿਸੇ ਮਸਲੇ ਦਾ ਆਖਰੀ ਹੱਲ ਨਹੀ ਹੁੰਦਾ। ਜੰਗ ਦਾ ਅਰਥ ਕੇਵਲ ਤਬਾਹੀ ਤੇ ਵਿਨਾਸ਼ ਹੁੰਦਾ ਹੈ।

ਪਿਛਲੇ ਕੁਝ ਸਮੇ ਤੋਂ ਰੂਸ ਤੇ ਯੂਕਰੇਨ ਵਿਚਾਲੇ ਚੱਲ ਰਹੇ ਤਣਾਅਪੂਰਣ ਸਬੰਧਾਂ ਨੇ ਆਖਰ ਜੰਗ ਦਾ ਰੂਪ ਲੈ ਲਿਆ ਹੈ।

ਰੂਸੀ ਰਾਸ਼ਟਰਪੀ ਵਲਾਦੀਮੀਰ ਪੁਤਿਨ ਨੇ ਯੂਕਰੇਨ ਖਿਲਾਫ ਜੰਗ ਛੇੜਨ ਦਾ ਐਲਾਨ ਕਰ ਦਿੱਤਾ ਹੈ। ਰੂਸ ਵਲੋਂ ਕੀਤੇ ਗਏ ਹਮਲਿਆਂ ਦੌਰਾਨ ਹੁਣ ਤੱਕ ਸੈਂਕੜੇ ਸ਼ਹਿਰੀ ਤੇ ਫੌਜੀ ਮਾਰੇ ਜਾ ਚੁੱਕੇ ਹਨ। ਰੂਸੀ ਹਵਾਈ ਤੇ ਜ਼ਮੀਨੀ ਹਮਲਿਆਂ ਦੀਆਂ ਵੀਡੀਓ ਤੇ ਤਸਵੀਰਾਂ ਦਿਲ ਦਹਿਲਾ ਦੇਣ ਵਾਲੀਆਂ ਹਨ। ਕਿਵੇ ਹਵਾਈ ਬੰਬਾਰੀ ਦੌਰਾਨ ਸ਼ਹਿਰ ਜਲ ਰਹੇ ਹਨ ਤੇ ਲੋਕ ਆਪਣੀਆਂ ਜਾਨਾਂ ਬਚਾਉਣ ਲਈ ਭੱਜਦੇ ਨਜ਼ਰ ਆ ਰਹੇ ਹਨ। ਕੁਝ ਵੀਡੀਓ ਵਿਚ ਬੱਚਿਆਂ ਨੂੰ ਜਖਮੀ ਹਾਲਤ ਵਿਚ ਦਰਦ ਨਾਲ ਕਰਾਹਉਂਦੇ ਵੇਖਿਆ ਨਹੀ ਜਾ ਰਿਹਾ। ਜੰਗ ਦਾ ਭਿਆਨਕ ਮੰਜ਼ਰ ਜੰਗਬਾਜਾਂ ਨੂੰ ਬਦਦੁਆਵਾਂ ਦੇਣ ਵਾਲਾ ਹੈ।

ਪੋਪ ਨੇ ਰੂਸੀ ਰਾਸ਼ਟਰਪਤੀ ਨੂੰ ਜੰਗ ਰੋਕਣ ਦੀ ਅਪੀਲ ਕੀਤੀ ਹੈ। ਉਧਰ ਪੁਤਿਨ ਦਾ ਕਹਿਣਾ ਹੈ ਕਿ ਉਸਦਾ ਮਕਸਦ ਯੂਕਰੇਨ ਉਪਰ ਕਬਜ਼ਾ ਕਰਨਾ ਨਹੀ ਬਲਕਿ ਯੂਕਰੇਨੀ ਰਾਸ਼ਟਰਪਤੀ ਨੂੰ ਸਬਕ ਸਿਖਾਉਣਾ ਹੈ। ਉਹਨਾਂ ਯੂਕਰੇਨ ਨਾਲ ਗੱਲਬਾਤ ਲਈ ਤੁਰੰਤ ਹਥਿਆਰ ਸੁੱਟਣ ਦੀ ਸ਼ਰਤ ਰੱਖੀ ਹੈ। ਅਮਰੀਕਾ, ਕੈਨੇਡਾ ਤੇ ਯੂਕੇ ਨੇ ਰੂਸ ਖਿਲਾਫ ਸਖਤ ਆਰਥਿਕ ਪਾਬੰਦੀਆਂ ਲਗਾਉਣ ਦਾ ਐਲਾਨ ਕਰਦਿਆਂ ਯੂਕਰੇਨ ਨੂੰ ਹਰ ਤਰਾਂ ਦੀ ਮਦਦ ਦਾ ਭਰੋਸਾ ਦਿਵਾਇਆ ਹੈ। ਜਿਸਦੇ ਜਵਾਬ ਵਿਚ ਰਾਸ਼ਟਰਪਤੀ ਪੁਤਿਨ ਨੇ ਕਿਸੇ ਵੀ ਪੱਛਮੀ ਤਾਕਤ ਨੂੰ ਦੋਵਾਂ ਮੁਲਕਾਂ ਦੇ ਮਾਮਲੇ ਵਿਚ ਦਖਲ ਦੇਣ ਦੀ ਸੂਰਤ ਵਿਚ ਸਖਤ ਚੇਤਾਵਨੀ ਦਿੱਤੀ ਹੈ ਕਿ ਰੂਸ ਪੱਛਮੀ ਤਾਕਤਾਂ ਦਾ ਦਖਲ ਹਰਗਿਜ ਬਰਦਾਸ਼ਤ ਨਹੀ ਕਰੇਗਾ।

ਸਿਆਸੀ ਮਾਹਿਰਾਂ ਮੁਤਾਬਿਕ ਯੂਕਰੇਨ ਉਪਰ ਰੂਸੀ ਹਮਲੇ ਲਈ ਪੱਛਮੀ ਤਾਕਤਾਂ ਦੀਆਂ ਬਸਤੀਵਾਦੀ ਨੀਤੀਆਂ ਵਧੇਰੇ ਜ਼ਿੰਮੇਵਾਰ ਹਨ। ਤਾਜ਼ਾ ਵਿਵਾਦ ਵਿਚ ਪੱਛਮੀ ਮੁਲਕਾਂ ਵਲੋਂ ਯੂਕਰੇਨ ਨੂੰ ਨਾਟੋ ਦਾ ਮੈਂਬਰ ਬਣਾਏ ਜਾਣ ਦੀ ਕਵਾਇਦ ਅਤੇ ਰੂਸ ਵਲੋਂ ਜਰਮਨੀ ਤੱਕ ਵਿਛਾਈ ਗਈ ਗੈਸ ਪਾਈਪ ਲਾਈਨ ਵਿਚ ਅੜਿਕੇ ਡਾਹੇ ਜਾਣਾ ਸ਼ਾਮਿਲ ਹਨ। ਯੂਕਰੇਨ ਦੇ ਸੋਵੀਅਤ ਸੰਘ ਦੇ ਵੱਖ ਹੋਣ ਉਪਰੰਤ ਮੈਂਬਰ ਮੁਲਕਾਂ ਲਈ ਇਹ ਮੁਢਲੀ ਸ਼ਰਤ ਸੀ ਕਿ ਉਹ ਨਾਟੋ ਦੇ ਮੈਂਬਰ ਨਹੀ ਬਣ ਸਕਦੇ। ਪਰ ਪੱਛਮੀ ਤਾਕਤਾਂ ਸੋਵੀਅਤ ਸੰਘ ਦੇ ਸਾਬਕਾ ਮੁਲਕਾਂ ਨੂੰ ਨਾਟੋ ਨਾਲ ਜੁੜਨ ਲਈ ਲਗਾਤਾਰ ਉਤਸ਼ਾਹਿਤ ਕਰਦੀਆਂ ਆ ਰਹੀਆਂ ਹਨ। ਨਾਟੋ ਵਲੋਂ ਲਿਥੂਆਨੀਆ, ਲਾਤਵੀਆ ਤੇ ਐਸਟੋਨੀਆ ਨੂੰ ਮੈਂਬਰ ਬਣਾਉਣ ਉਪਰੰਤ ਹੁਣ ਯੂਕਰੇਨ ਨੂੰ ਵੀ ਨਾਟੋ ਵਿਚ ਸ਼ਾਮਿਲ ਕੀਤੇ ਜਾਣ ਦੀ ਤਿਆਰੀਆਂ ਹੋ ਰਹੀਆਂ ਸਨ। ਅਗਰ ਯੂਕਰੇਨ ਨਾਟੋ ਦਾ ਮੈਂਬਰ ਬਣ ਜਾਂਦਾ ਹੈ ਤਾਂ ਪੱਛਮੀ ਤਾਕਤਾਂ ਵਿਸ਼ੇਸ਼ ਕਰਕੇ ਅਮਰੀਕਾ ਲਈ ਰੂਸ ਦੀ ਸਰਹੱਦ ਨਾਲ ਆਪਣਾ ਅੱਡਾ ਸਥਾਪਿਤ ਕਰਨਾ ਸਹਿਜ ਹੋ ਜਾਂਦਾ, ਜੋ ਰੂਸ ਨੂੰ ਕਿਸੇ ਵੀ ਹਾਲਤ ਵਿਚ ਬਰਦਾਸ਼ਤ ਨਹੀ।

1992 ਵਿਚ ਅਮਰੀਕਾ ਉਪਰੰਤ ਦੂਸਰੀ ਵੱਡੀ ਤਾਕਤ ਸੋਵੀਅਤ ਯੂਨੀਅਨ ਦੇ ਟੁੱਟਣ ਉਪਰੰਤ ਅਮਰੀਕਾ ਹੀ ਇਕੱਲਾ ਵਿਸ਼ਵ ਤਾਕਤ ਵਜੋਂ ਵਿਚਰ ਰਿਹਾ ਸੀ ਪਰ ਸਾਲ 2000 ਤੋਂ ਬਾਅਦ ਵਲਾਦੀਮੀਰ ਪੁਤਿਨ ਦੀ ਅਗਵਾਈ ਹੇਠ ਰੂਸ ਮੁੜ ਇਕ ਤਾਕਤ ਵਜੋਂ ਉਭਰਿਆ ਹੈ। ਅਮਰੀਕਾ ਤੇ ਉਸਦੇ ਸਾਥੀ ਮੁਲਕ ਰੂਸ ਦੀ ਇਸ ਤਾਕਤ ਨੂੰ ਅੱਖੋਂ ਪਰੋਖਾ ਕਰਦੇ ਹੋਏ ਸਾਬਕਾ ਸੋਵੀਅਤ ਯੂਨੀਅਨ ਦੇ ਮੁਲਕਾਂ ਨਾਲ ਲਗਾਤਾਰ ਨੇੜਤਾ ਸਥਾਪਿਤ ਕਰਦੇ ਆ ਰਹੇ ਹਨ ਤੇ ਆਪਣੇ ਵਪਾਰਕ ਹਿੱਤਾਂ ਲਈ ਉਹਨਾਂ ਨੂੰ ਵਰਤ ਰਹੇ ਹਨ। ਪੱਛਮੀ ਮੁਲਕਾਂ ਦੀ ਯੂਕਰੇਨ ਦੇ ਰਾਸਟਰਪਤੀ ਨਾਲ ਨੇੜਤਾ ਤੇ ਉਸਦਾ ਇਹਨਾਂ ਦੀ ਸ਼ਹਿ ਨਾਲ ਰੂਸ ਨਾਲ ਸਬੰਧ ਵਿਗਾੜਨਾ ਕੂਟਨੀਤਕ ਸਿਆਣਪ ਨਹੀ ਸਮਝਿਆ ਜਾਂਦਾ। ਇਹ ਵੀ ਸਮਝਿਆ ਜਾਂਦਾ ਹੈ ਕਿ ਰੂਸ -ਜਰਮਨੀ ਗੈਸ ਪਾਈਪਲਾਈਨ ਵਿਚ ਅੜਿਕੇ ਡਾਹੁਣ ਅਤੇ ਆਰਥਿਕ ਨੁਕਸਾਨ ਲਈ ਪੱਛਮੀ ਤਾਕਤਾਂ ਦੀ ਸ਼ਹਿ ਪੁਆੜੇ ਦੀ ਜੜ ਹੈ। ਬਿਨਾਂ ਸ਼ੱਕ ਰੂਸ ਕੋਲ ਆਪਣੀ ਸੁਰੱਖਿਆ ਨੀਤੀ ਅਤੇ ਆਰਥਿਕਤਾ ਨੂੰ ਪੁੱਜ ਰਹੇ ਨੁਕਸਾਨ ਲਈ ਯੂਕਰੇਨ ਦੇ ਰਾਸ਼ਟਰਪਤੀ ਦੀ ਭੂਮਿਕਾ ਖਿਲਾਫ ਕਈ ਕਾਰਣ ਰਹੇ ਹੋਣਗੇ ਪਰ ਉਸਦੀ ਯੂਕਰੇਨ ਖਿਲਾਫ ਫੌਜੀ ਕਾਰਵਾਈ ਨੂੰ ਕਿਸੇ ਵੀ ਤਰਾਂ ਜਾਇਜ਼ ਨਹੀ ਠਹਿਰਾਇਆ ਜਾ ਸਕਦਾ ਹੈ। ਉਧਰ ਪੱਛਮੀ ਮੁਲਕਾਂ ਵਲੋ ਦੋਵਾਂ ਮੁਲਕਾਂ ਨੂੰ ਗੱਲਬਾਤ ਰਾਹੀ ਮਸਲੇ ਦਾ ਹੱਲ ਕਰਨ ਦੀ ਸਲਾਹ ਦੇਣ ਦੀ ਬਿਜਾਏ ਰੂਸ ਖਿਲਾਫ ਪਾਬੰਦੀਆਂ ਲਗਾਉਣ ਦੇ ਐਲਾਨ ਸਥਿਤੀ ਨੂੰ ਹੋਰ ਵਿਗਾੜਕੇ ਪੇਸ਼ ਕਰਨ ਵਾਲੇ ਹਨ। ਕਿਹਾ ਜਾਂਦਾ ਹੈ ਕਿ ਅਮਰੀਕਾ ਦੇ ਸਾਬਕਾ ਰਾਸਟਰਪਤੀ ਟਰੰਪ ਨਾਲ ਪੁਤਿਨ ਦੇ ਚੰਗੇਰੇ ਸਬੰਧਾਂ ਦੇ ਚਲਦਿਆਂ ਸਥਿਤੀ ਕਾਬੂ ਹੇਠ ਸੀ ਪਰ ਹੁਣ ਰਾਸ਼ਟਰਪਤੀ ਬਾਇਡਨ ਦੀ ਅਲਗ ਪਹੁੰਚ ਨੇ ਸਥਿਤੀ ਨੂੰ ਜਾਣ ਬੁਝਕੇ ਵਿਗੜਨ ਦਿੱਤਾ ਹੈ। ਇਸੇ ਦੌਰਾਨ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਰੂਸ ਵਲੋਂ ਪੂਰਬੀ ਯੂਕਰੇਨ ਦੇ ਦੋ ਖੇਤਰਾਂ ਦੀ ਸੁਤੰਤਰਤਾ ਨੂੰ ਮਾਨਤਾ ਦੇਣ ਅਤੇ ਹਮਲੇ ਦੇ ਹੁਕਮ ਦੇਣ ਬਦਲੇ ਉਸ ਦੇ ਖਿਲਾਫ ਪਹਿਲੇ ਗੇੜ ਦੀਆਂ ਆਰਥਿਕ ਪਾਬੰਦੀਆਂ ਦਾ ਐਲਾਨ ਕੀਤਾ ਗਿਆ ਹੈ। ਉਹਨਾਂ ਲਾਤਵੀਆ ਵਿਚ ਕੈਨੇਡੀਅਨ ਹਥਿਆਰਬੰਦ ਸੈਨਾਵਾਂ ਦੇ 460 ਸੈਨਿਕਾਂ ਨੂੰ ਤਾਇਨਾਤ ਕਰਨ ਦੀ ਵੀ ਪ੍ਰਵਾਨਗੀ ਦਿੱਤੀ ਹੈ। ਉਹਨਾਂ ਦਾ ਕਹਿਣਾ ਹੈ ਕਿ ਰੂਸੀ ਫੌਜਾਂ ਦਾ ਯੂਕਰੇਨ ਵਿਚ ਦਾਖਲ ਹੋਣਾ ਉਸ ਮੁਲਕ ਦੀ ਪ੍ਰਭੁਸਤਾ ਤੇ ਇਲਾਕਾਈ ਅਖੰਡਤਾ 'ਤੇ ਹਮਲਾ ਹੈ ਜੋ ਕਤਈ ਸਵੀਕਾਰਯੋਗ ਨਹੀਂ।

ਬਰਤਾਨਵੀ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਨੇ ਵੀ ਪੰਜ ਰੂਸੀ ਬੈਂਕਾਂ 'ਤੇ ਪਾਬੰਦੀਆਂ ਲਗਾਉਣ ਦਾ ਐਲਾਨ ਕੀਤਾ ਹੈ। ਜਰਮਨੀ ਵਲੋਂ ਬਾਲਟਿਕ ਸਮੁੰਦਰੀ ਗੈਸ ਪਾਈਪ ਲਾਈਨ ਪ੍ਰਾਜੈਕਟ ਨੂੰ ਫਰੀਜ਼ ਕਰਨ ਦੇ ਨਾਲ ਅਮਰੀਕਾ ਨੇ ਰੂਸ ਦੀਆਂ ਦੋ ਵਿੱਤੀ ਸੰਸਥਾਵਾਂ ਉਪਰ ਪਾਬੰਦੀ ਲਗਾਉਣ ਦਾ ਐਲਾਨ ਕੀਤਾ ਹੈ। ਰਾਸ਼ਟਪਤੀ ਬਾਇਡਨ ਨੇ ਯੂਕਰੇਨ ਨੂੰ ਸਹਾਇਤਾ ਦਾ ਭਰੋਸਾ ਦਿੰਦਿਆਂ ਕਿਹਾ ਹੈ ਕਿ ਉਹ ਰੂਸ ਦੀ ਇਸ ਕਾਰਵਾਈ ਖਿਲਾਫ ਹੋਰ ਸਖਤੀਆਂ ਤੇ ਵਿਚਾਰ ਕਰ ਰਿਹਾ ਹੈ।

ਪੱਛਮੀ ਤਾਕਤਾਂ ਦੇ ਆਗੂਆਂ ਵਲੋਂ ਰੂਸ ਖਿਲਾਫ ਬਿਆਨਬਾਜ਼ੀ ਸਮਝੀ ਜਾ ਸਕਦੀ ਹੈ ਪਰ ਦੂਸਰੇ ਪਾਸੇ ਚੀਨ ਦੇ ਰਾਸ਼ਟਰਪਤੀ ਨੇ ਰੂਸ ਨੂੰ ਆਪਣੀ ਹਮਾਇਤ ਦੇਕੇ ਤੀਸਰੀ ਆਲਮੀ ਜੰਗ ਦੇ ਖਦਸ਼ਿਆ ਨੂੰ ਹਵਾ ਦੇਣ ਵਿਚ ਕੋਈ ਕਸਰ ਨਹੀ ਛੱਡੀ। ਇਸ ਘੜੀ ਰੂਸੀ ਹਮਲੇ ਨੂੰ ਰੋਕਣ ਅਤੇ ਵਿਸ਼ਵ ਸ਼ਾਂਤੀ ਨੂੰ ਪੈਦਾ ਹੋਏ ਖਤਰੇ ਨੂੰ ਸਮਝਦੇ ਹੋਏ ਯੂ ਐਨ ਓ ਤੇ ਨਿਰਪੱਖ ਆਲਮੀ ਨੇਤਾਵਾਂ ਨੂੰ ਅੱਗੇ ਆਉਣ ਦੀ ਲੋੜ ਹੈ ਤਾਂ ਜੋ ਗੱਲਬਾਤ ਰਾਹੀ ਮਸਲੇ ਦਾ ਹੱਲ ਤਲਾਸ਼ਿਆ ਜਾਵੇ। ਇਸ ਮੌਕੇ ਪੋਪ ਦੀ ਅਪੀਲ ਜੰਗ ਬੰਦੀ ਤੇ ਸ਼ਾਂਤੀ ਸਥਾਪਨਾ ਲਈ ਅਹਿਮ ਹੈ।



UNI GLOBAL IMMIGRATION
CONSULTING SERVICES LTD.
Your Dream......Our Passion
For All Your Immigration Related Needs
• Express Entry (PR)
• FSW, FST
• Canadian Experience Class
• LMIA & Work Permit
• PNP
• Spousal (Marriage) Sponsorship
• Business (Investor) Visa
• Study Visa
• Care-giver (Nanny)
• Visitor Visa
• Super Visa
• Citizenship Application
• Refusal Cases
• IEC
We also help employers in hiring temporary foreign workers(TFW). We help employers in each and every step of acquiring Temporary Foreign Workers
Tel: 604-338-4975
604-507-9962
#12387 - 75 Ave., Surrey BC V3W 2S7
Email: contactuniglobal@gmail.com

ACTIVE
INSURANCE
Trusted Name In the Community
ਹਰ ਤਰ੍ਹਾਂ ਦੀ ਇੰਸ਼ੋਰੈਂਸ ਦੀ ਜ਼ਰੂਰਤ ਲਈ
• ਕਾਰ • ਟਰੱਕ
• ਘਰਾਂ ਦੀ ਇੰਸ਼ੋਰੈਂਸ
• ਬਿਜ਼ਨੈਸ • ਟਰੈਵਲ

YOUR NEIGHBOURHOOD AUTOPLAN
OPEN 7 DAYS A WEEK
KHALSA BUSINESS CENTRE
# 103 - 8334 - 128th St.,
604-501-7878
VANCOUVER OFFICE:
London Sq. 200-3340 Kingsway
604-437-7878
OPEN 6 DAYS A WEEK
Hours: Mon-Fri: 9:00am to 7:00pm
Saturday 10:00am to 5:00pm
SULLIVAN CENTER:
#108-14340-64th Ave., Surrey
604-593-8899

Tarlok (Tony) Chandi
778-858-7878

Arjun Singh
604.760.3661

ਕਾਂਗਰਸ ਦਾ ਅੰਦਰੂਨੀ ਕਲੇਸ਼ ਜਾਰੀ

# ਮਨੀਸ਼ ਤਿਵਾੜੀ ਨੇ ਮੁੱਖ ਮੰਤਰੀ ਚੰਨੀ ਤੇ ਕਾਂਗਰਸ ਪ੍ਰਧਾਨ ਸਿੱਧੂ ਤੇ ਉਂਗਲ ਉਠਾਈ



ਚੰਡੀਗੜ੍ਹ (ਦਵਿੰਦਰਪਾਲ)-ਪੰਜਾਬ ਚੋਣਾਂ ਲਈ ਵੋਟਾਂ ਪੈਣ ਮਗਰੋਂ ਵੀ ਪੰਜਾਬ ਕਾਂਗਰਸ 'ਚ ਅੰਦਰੂਨੀ ਕਲੇਸ਼ ਰੁਕ ਨਹੀਂ ਰਿਹਾ। ਹੁਣ ਸੰਸਦ ਮੈਂਬਰ ਮਨੀਸ਼ ਤਿਵਾੜੀ ਨੇ ਯੂਕਰੇਨ ਦੇ ਮਾਮਲੇ 'ਤੇ ਮੁੱਖ ਮੰਤਰੀ ਚਰਨਜੀਤ ਚੰਨੀ, ਕਾਂਗਰਸ ਪ੍ਰਧਾਨ ਨਵਜੋਤ ਸਿੱਧੂ ਅਤੇ ਸਾਬਕਾ ਪ੍ਰਧਾਨ ਸੁਨੀਲ ਜਾਖੜ 'ਤੇ ਉਂਗਲ ਉਠਾਈ ਹੈ ਕਿ ਉਹ ਯੂਕਰੇਨ 'ਚ ਫਸੇ ਵਿਦਿਆਰਥੀਆਂ ਦੇ ਮਾਮਲੇ 'ਤੇ ਚੁੱਪ ਕਿਉਂ ਹਨ। ਮਨੀਸ਼ ਤਿਵਾੜੀ ਨੇ ਬਾਕੀ ਸੰਸਦ ਮੈਂਬਰਾਂ ਸਮੇਤ ਕੇਂਦਰੀ ਮੰਤਰੀ ਮੀਨਾਕਸ਼ੀ ਲੇਖੀ ਨੂੰ ਯੂਕਰੇਨ ਵਿਚ ਫਸੇ ਭਾਰਤੀਆਂ ਦੀ ਸੁਰੱਖਿਅਤ ਵਾਪਸੀ ਲਈ ਮੰਗ ਪੱਤਰ ਦਿੱਤਾ ਹੈ। ਕਾਂਗਰਸੀ ਸੰਸਦ ਮੈਂਬਰ ਤਿਵਾੜੀ ਨੇ ਕੇਂਦਰੀ ਬਿਜਲੀ ਮੰਤਰੀ ਨੂੰ ਵੀ ਪੱਤਰ ਲਿਖ ਕੇ ਬੀਬੀਐਮਬੀ ਵਿਚ ਪੰਜਾਬ ਦੀ ਸਥਾਈ ਮੈਂਬਰੀ ਨੂੰ ਖ਼ਤਮ ਕੀਤੇ ਜਾਣ ਦਾ ਮੁੱਦਾ ਉਠਾਇਆ ਹੈ। ਉਨ੍ਹਾਂ ਇਸ ਬਾਰੇ ਜਾਰੀ ਕੀਤੇ ਨੋਟੀਫ਼ਿਕੇਸ਼ਨ ਨੂੰ ਵਾਪਸ ਲਏ ਜਾਣ ਦੀ ਮੰਗ ਵੀ ਰੱਖੀ ਹੈ। ਬੀਬੀਐਮਬੀ ਦੇ ਮਾਮਲੇ 'ਤੇ ਸਭ ਤੋਂ ਜ਼ਿਆਦਾ ਮੁਸਤੈਦੀ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਨੇ ਦਿਖਾਈ ਹੈ ਜਿਨ੍ਹਾਂ ਨੇ ਇਸ ਬਾਰੇ ਮੁੱਖ ਮੰਤਰੀ ਚਰਨਜੀਤ ਚੰਨੀ ਨੂੰ ਪੱਤਰ ਵੀ ਲਿਖਿਆ ਸੀ। ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਬੀਬੀਐਮਬੀ ਦੇ ਮੁੱਦੇ 'ਤੇ ਹਾਲੇ ਤੱਕ ਖ਼ਾਮੋਸ਼ ਹਨ ਅਤੇ ਉਨ੍ਹਾਂ ਨੇ ਪੰਜਾਬ ਦੇ ਹਿੱਤਾਂ ਨੂੰ ਲੈ ਕੇ ਕੇਂਦਰ ਖ਼ਿਲਾਫ਼ ਹਾਲੇ ਤੱਕ ਮੂੰਹ ਨਹੀਂ ਖੋਲ੍ਹਿਆ ਹੈ। ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਯੂਕਰੇਨ ਮੁੱਦੇ 'ਤੇ ਤਾਂ ਟਵੀਟ ਵੀ ਕੀਤੇ ਹਨ ਅਤੇ ਆਪਣੇ ਜਨਮ ਦਿਨ ਦੇ ਮੌਕੇ ਪ੍ਰਧਾਨ ਮੰਤਰੀ ਵੱਲੋਂ ਦਿੱਤੀ ਵਧਾਈ ਵੀ ਕਬੂਲ ਕੀਤੀ ਹੈ ਪਰ ਮੁੱਖ ਮੰਤਰੀ ਚੰਨੀ ਨੇ ਸੰਘੀ ਢਾਂਚੇ 'ਤੇ ਹੋਏ ਹਮਲੇ ਨੂੰ ਲੈ ਕੇ ਚੁੱਪ ਵੱਟੀ ਹੋਈ ਹੈ। ਇਸੇ ਤਰ੍ਹਾਂ ਕਾਂਗਰਸ ਪ੍ਰਧਾਨ ਨਵਜੋਤ ਸਿੱਧੂ ਵੀ ਖ਼ਾਮੋਸ਼ ਹਨ ਜਿਨ੍ਹਾਂ ਨੇ ਆਖ਼ਰੀ ਟਵੀਟ ਵੋਟਾਂ ਪੈਣ ਮਗਰੋਂ ਵੋਟਰਾਂ ਦੇ ਧੰਨਵਾਦ ਲਈ ਕੀਤਾ ਸੀ। ਪੰਜਾਬ ਕਾਂਗਰਸ ਵਿਚ ਕੈਪਟਨ ਅਮਰਿੰਦਰ ਸਿੰਘ ਨੂੰ ਗੱਦੀ ਤੋਂ ਉਤਾਰੇ ਜਾਣ ਤੋਂ ਲੈ ਕੇ ਕਲੇਸ਼ ਚੱਲ ਰਿਹਾ ਹੈ ਜੋ ਕਿਸੇ ਨਾ ਕਿਸੇ ਰੂਪ ਵਿਚ ਵੋਟਾਂ ਪੈਣ ਮਗਰੋਂ ਵੀ ਜਾਰੀ ਹੈ। ਸਿਆਸੀ ਮਾਹਿਰ ਆਖਦੇ ਹਨ ਕਿ ਕਾਂਗਰਸ ਨੂੰ ਉਮੀਦ ਮੁਤਾਬਿਕ ਚੋਣਾਂ ਵਿਚ ਸਫਲਤਾ ਨਾ ਮਿਲੀ ਤਾਂ ਕਾਂਗਰਸ ਵਿਚ ਖਿਲਾਰਾ ਪੈ ਸਕਦਾ ਹੈ। ਸਾਬਕਾ ਪ੍ਰਧਾਨ ਸੁਨੀਲ ਜਾਖੜ ਨੇ ਵੀ ਚੋਣਾਂ ਦੌਰਾਨ ਹਿੰਦੂ ਚਿਹਰੇ ਵਾਲਾ ਮਾਮਲਾ ਉਠਾਇਆ ਸੀ। ਚਰਨਜੀਤ ਚੰਨੀ ਨੂੰ ਮੁੱਖ ਮੰਤਰੀ ਦਾ ਚਿਹਰਾ ਬਣਾਏ ਜਾਣ ਮਗਰੋਂ ਨਵਜੋਤ ਸਿੱਧੂ ਅੰਦਰੋਂ ਨਾਰਾਜ਼ ਹਨ।

## ਮੋਦੀ ਸਰਕਾਰ ਪੰਜਾਬ ਦੇ ਹੱਕਾਂ 'ਤੇ ਮਾਰ ਰਹੀ ਹੈ ਡਾਕਾ-ਭਗਵੰਤ ਮਾਨ

ਚੰਡੀਗੜ੍ਹ-'ਆਪ' ਪੰਜਾਬ ਦੇ ਪ੍ਰਧਾਨ ਭਗਵੰਤ ਮਾਨ ਨੇ ਦੋਸ਼ ਲਗਾਇਆ ਕਿ ਕੇਂਦਰ ਵਿਚਲੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਲਗਾਤਾਰ ਪੰਜਾਬ ਦੇ ਹੱਕ ਖੋਹ ਰਹੀ ਹੈ। ਭਾਖੜਾ ਬਿਆਸ ਪ੍ਰਬੰਧਕੀ ਬੋਰਡ (ਬੀਬੀਐੱਮਬੀ) ਵਿੱਚੋਂ ਪੰਜਾਬ ਦੀ ਹਿੱਸੇਦਾਰੀ ਖ਼ਤਮ ਕਰਨ ਤੋਂ ਬਾਅਦ ਹੁਣ ਮੋਦੀ ਸਰਕਾਰ ਨੇ ਡੈਮਾਂ ਦੀ ਸੁਰੱਖਿਆ ਤੋਂ ਪੰਜਾਬ ਪੁਲੀਸ ਨੂੰ ਹਟਾਉਣ ਦਾ ਫ਼ੈਸਲਾ ਕਰਕੇ ਪੰਜਾਬ ਵਿਰੋਧੀ ਹੋਣ ਦਾ ਸਬੂਤ ਦਿੱਤਾ ਹੈ। ਸ੍ਰੀ ਮਾਨ ਨੇ ਮੋਦੀ ਸਰਕਾਰ ਨੂੰ ਅਪੀਲ ਕੀਤੀ ਕਿ ਪੰਜਾਬ ਦੇ ਹੱਕਾਂ ਨੂੰ ਬਹਾਲ ਰੱਖਿਆ ਜਾਵੇ। ਸ੍ਰੀ ਮਾਨ ਨੇ ਕਿਹਾ ਕਿ ਪੰਜਾਬ ਵਿਧਾਨ ਸਭਾ ਚੋਣਾਂ ਦੇ ਪਰਦੇ 'ਚ ਕੇਂਦਰ ਦੀ ਮੋਦੀ ਸਰਕਾਰ ਨੇ ਲਗਾਤਾਰ ਪੰਜਾਬ ਵਿਰੋਧੀ ਫ਼ੈਸਲੇ ਅਮਲ ਵਿੱਚ ਲਿਆਂਦੇ ਹਨ। ਕਾਂਗਰਸ ਤੋਂ ਬਾਅਦ ਭਾਜਪਾ ਸਰਕਾਰ ਪੰਜਾਬ 'ਚ ਬਣੇ ਬੀਬੀਐੱਮਬੀ 'ਚੋਂ ਪੰਜਾਬ ਨੂੰ ਹੀ ਬਾਹਰ ਕੱਢਣ ਦੇ ਫ਼ੈਸਲੇ ਲਾਗੂ ਕਰ ਰਹੀ ਹੈ। ਮੋਦੀ ਸਰਕਾਰ ਨੇ ਭਾਖੜਾ ਬਿਆਸ ਪ੍ਰਬੰਧਕੀ ਬੋਰਡ 'ਚੋਂ ਪੰਜਾਬ ਦੀ ਹਿੱਸੇਦਾਰੀ ਖ਼ਤਮ ਕਰਨ ਤੋਂ ਬਾਅਦ ਡੈਮਾਂ ਦੀ ਸੁਰੱਖਿਆ 'ਚ ਲੱਗੀ ਪੰਜਾਬ ਪੁਲੀਸ ਫੋਰਸ ਨੂੰ ਵੀ ਹਟਾ ਦਿੱਤਾ ਹੈ। ਬੋਰਡ ਦੇ ਤਿੰਨ ਡੈਮਾਂ ਦੀ ਸੁਰੱਖਿਆ ਲਈ ਕੇਂਦਰੀ ਸਨਅਤੀ ਸਰੱਖਿਆ ਫੋਰਸ ਨੂੰ ਤਾਇਨਾਤ ਕਰਨ ਦਾ ਫ਼ੈਸਲਾ ਕੀਤਾ ਹੈ, ਜਦੋਂ ਕਿ ਡੈਮਾਂ ਦੀ ਸੁਰੱਖਿਆ 'ਤੇ ਖ਼ਰਚ ਆਉਂਦੇ 90 ਕਰੋੜ ਰੁਪਏ ਪੰਜਾਬ ਸਮੇਤ ਹੋਰ ਹਿੱਸੇਦਾਰਾਂ ਕੋਲੋਂ ਵਸੂਲ ਕੀਤੇ ਜਾਣਗੇ। 'ਆਪ' ਆਗੂ ਨੇ ਕਿਹਾ ਕਿ ਮੋਦੀ ਸਰਕਾਰ ਦੇ ਫ਼ੈਸਲੇ ਕਾਰਨ ਇੱਕ ਪਾਸੇ ਪੰਜਾਬ ਦੇ ਨੌਜਵਾਨਾਂ ਕੋਲੋਂ ਰੁਜ਼ਗਾਰ ਖੋਹ ਲਿਆ ਗਿਆ ਹੈ, ਦੂਜੇ ਪਾਸੇ ਸੁਰੱਖਿਆ ਦਾ ਖ਼ਰਚਾ ਪੰਜਾਬ ਸਿਰ ਥੋਪ ਦਿੱਤਾ ਹੈ। ਪਹਿਲਾਂ ਇਹ ਧੱਕਾ ਕੇਂਦਰ 'ਚ ਕਾਬਜ਼ ਕਾਂਗਰਸ ਦੀਆਂ ਸਰਕਾਰਾਂ ਕਰਦੀਆਂ ਸਨ, ਹੁਣ ਉਹੋ ਰਾਹ ਭਾਜਪਾ ਦੀ ਅਗਵਾਈ ਵਾਲੀ ਮੋਦੀ ਸਰਕਾਰ ਨੇ ਫੜ ਲਿਆ ਹੈ।

# ਅਕਾਲੀ ਦਲ ਵੱਲੋਂ ਪੰਜਾਬ ਦੇ ਹੱਕਾਂ ਲਈ ਸਾਰੀਆਂ ਪਾਰਟੀਆਂ ਨੂੰ ਇਕਜੁੱਟ ਹੋਣ ਦਾ ਸੱਦਾ

ਪਟਿਆਲਾ-ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਪ੍ਰੇਮ ਸਿੰਘ ਚੰਦੂਮਾਜਰਾ ਨੇ ਇੱਥੇ ਕਿਹਾ ਕਿ ਕੇਂਦਰ ਦੀ ਪੰਜਾਬ ਦੇ ਹੱਕਾਂ ਨੂੰ ਖ਼ਤਮ ਕਰਨ ਦੀ ਸਾਜ਼ਿਸ਼ ਖ਼ਿਲਾਫ਼ ਪੰਜਾਬ ਦੀਆਂ ਸਾਰੀਆਂ ਧਿਰਾਂ ਨੂੰ ਇਕਜੁਟ ਹੋਣਾ ਪਵੇਗਾ। ਉਨ੍ਹਾਂ ਕਿਹਾ ਕਿ ਜੇਕਰ ਪਹਿਲਾਂ ਹੀ ਸਾਰੀਆਂ ਸਿਆਸੀ ਧਿਰਾਂ ਇਕੱਠੀਆਂ ਹੋ ਜਾਂਦੀਆਂ ਤਾਂ ਕੇਂਦਰ ਦੀ ਭਾਜਪਾ ਸਰਕਾਰ ਅੱਜ ਪੰਜਾਬ ਵਿਰੋਧੀ ਫ਼ੈਸਲੇ ਨਾ ਲੈਂਦੀ। ਸ੍ਰੀ ਚੰਦੂਮਾਜਰਾ ਅੱਜ ਪਟਿਆਲਾ ਜੇਲ੍ਹ ਵਿੱਚ ਬੰਦ ਬਿਕਰਮ ਸਿੰਘ ਮਜੀਠੀਆ ਨੂੰ ਮਿਲਣ ਮਗਰੋਂ ਪ੍ਰੈੱਸ ਕਾਨਫ਼ਰੰਸ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਉਨ੍ਹਾਂ ਦੀ ਸੁਨੀਲ ਜਾਖੜ ਵਰਗੇ ਕਈ ਸਿਆਸੀ ਆਗੂਆਂ ਨਾਲ ਵੀ ਗੱਲ ਹੋਈ ਹੈ ਅਤੇ ਸਾਰੇ ਇਸ ਗੱਲ 'ਤੇ ਇਕਮੱਤ ਹਨ ਕਿ ਕੇਂਦਰੀ ਬਿਜਲੀ ਮੰਤਰੀ ਨੂੰ ਮਿਲ ਕੇ ਇਕ ਵਾਰੀ ਪੰਜਾਬ ਦੇ ਹੱਕਾਂ ਦੀ ਮੰਗ ਰੱਖੀ ਜਾਵੇ। ਸ੍ਰੀ ਚੰਦੂਮਾਜਰਾ ਨੇ ਕਿਹਾ ਕਿ ਜੇਕਰ ਕੇਂਦਰ ਨੇ ਪੰਜਾਬ ਦੇ ਹੱਕਾਂ ਨੂੰ ਲੁੱਟਣਾ ਜਾਰੀ ਰੱਖਿਆ ਤਾਂ ਉਹ ਕਾਨੂੰਨੀ ਅਤੇ ਜਨਤਕ ਤੌਰ 'ਤੇ ਢੁੱਕਵੀਂ ਕਾਰਵਾਈ ਕਰਨ ਲਈ ਮਜਬੂਰ ਹੋਣਗੇ। ਸ੍ਰੀ ਚੰਦੂਮਾਜਰਾ ਨੇ ਕਿਹਾ ਕਿ ਬੀਬੀਐੱਮਬੀ ਦੇ ਮੁੱਦੇ 'ਤੇ ਪੰਜਾਬ ਦੇ ਮੁੱਖ ਮੰਤਰੀ ਚੰਨੀ ਨੂੰ ਆਪਣਾ ਪੱਖ ਰੱਖਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦੇ ਮੁੱਖ ਆਗੂ ਬਿਕਰਮ ਸਿੰਘ ਮਜੀਠੀਆ ਖ਼ਿਲਾਫ਼ ਸਿਆਸੀ ਬਦਲਾਖੋਰੀ ਦਾ ਕੇਸ ਦਰਜ ਕਰਕੇ ਕਾਂਗਰਸ ਨੇ ਸਿਆਸੀ ਭਾਈਚਾਰੇ ਲਈ ਖ਼ਤਰਨਾਕ ਕੰਮ ਕੀਤਾ ਹੈ। ਉਨ੍ਹਾਂ ਕਿਹਾ ਕਿ ਜੇਲ੍ਹਾਂ ਅਕਾਲੀਆਂ ਨੂੰ ਡਰਾ ਨਹੀਂ ਸਕਦੀਆਂ ਕਿਉਂਕਿ ਪਾਰਟੀ ਨੂੰ ਕਾਨੂੰਨ 'ਤੇ ਇਤਬਾਰ ਹੈ। ਇਸ ਮੌਕੇ ਹਰਿੰਦਰਪਾਲ ਸਿੰਘ ਚੰਦੂਮਾਜਰਾ, ਲਖਬੀਰ ਸਿੰਘ ਲੋਧੀਨੰਗਲ, ਵਿਧਾਇਕ ਬਟਾਲਾ ਵੀ ਮਜੀਠੀਆ ਨਾਲ ਮੁਲਾਕਾਤ ਕਰਨ ਗਏ ਸਨ।


ਸੁਪਰ ਵੀਜ਼ਾ ਇੰਸ਼ੋਰੈਂਸ
ਮੰਥਲੀ ਪੇਮੈਂਟ ਪਲੈਨ • 45% ਤੱਕ ਡਿਸਕਾਊਂਟ*
• ਲਾਈਫ • ਡਿਸੇਬਿਲਿਟੀ • ਕ੍ਰਿਟੀਕਲ ਇਲਨੈਸ
• ਬੱਚਿਆਂ ਲਈ ਇੰਸ਼ੋਰੈਂਸ • ਹੈਲਥ • ਟਰੈਵਲ • ਵਿਜ਼ਟਰ
ਇੰਡੀਪੈਂਡੈਂਟ ਬਰੋਕਰਜ਼ ਹੋਣ ਦੇ ਨਾਤੇ ਅਸੀਂ ਤੁਹਾਨੂੰ ਕਨੇਡਾ ਦੀਆਂ ਸਾਰੀਆਂ ਮੇਜਰ ਇੰਸ਼ੋਰੈਂਸ ਕੰਪਨੀਆਂ ਤੋਂ ਵਾਜਿਬ ਰੇਟ ਅਤੇ ਵਧੀਆ ਬੈਨੀਫਿਟਸ ਲੈ ਕੇ ਦਿੰਦੇ ਹਾਂ
YOUR INSURANCE ADVISOR
JATINDER SINGH BHATIA
Former Advocate (India)

ਜਤਿੰਦਰ ਸਿੰਘ ਭਾਟੀਆ
778.848.1287
jatinder.insurance@hotmail.com
14768-69A Ave, SURREY BC
*WITH DEDUCTIBLE.



India Bookworld
Shop Online At:
www.indiabookworld.ca
ਹੱਸਦੇ ਰਹੋ ਹਸਾਉਂਦੇ ਰਹੋ
ਕਿਤਾਬਾਂ ਹੀ ਕਿਤਾਬਾਂ
ਧਰਮ, ਸੱਭਿਆਚਾਰ, ਇਤਿਹਾਸ, ਭਾਸ਼ਾ ਸਿੱਖਣ, ਬੱਚੇ, ਯੋਗਾ ਅਤੇ ਸਿਹਤ, ਰਸੋਈ, ਕਲਾ ਅਤੇ ਫਿਲਮਾਂ, ਜੋਤਿਸ਼ ਅਤੇ ਅੰਕ ਵਿਗਿਆਨ ਅੰਗਰੇਜ਼ੀ, ਪੰਜਾਬੀ, ਹਿੰਦੀ, ਉਰਦੂ, ਗੁਜਰਾਤੀ, ਬੰਗਾਲੀ ਅਤੇ ਹੋਰ ਭਾਰਤੀ ਭਾਸ਼ਾਵਾਂ ਵਿੱਚ।
A HISTORY OF THE SIKHS
KHUSHWANT SINGH
CONDITION OF The Sikhs in CANADA 1901-2001
Gurcharan Singh
ਧੁੱਪਾਂ-ਛਾਵਾਂ
ਨਰਿੰਦਰ ਸਿੰਘ ਕਪੂਰ
ਅਣਗਾਹੇ ਰਾਹ
ਖਿੱਦੋ
604-593-5967 | 604-595-2923
Follow us at #
#117B-12888 - 80 Ave., Surrey
E: info@indiabookworld.ca


ਸਫ਼ਾ 1 ਦੀ ਬਾਕੀ


idea immigration
SUPER VISAS & PNPs
ਕੈਨੇਡਾ ਪਹੁੰਚਣ ਦਾ ਸੁਨਹਿਰੀ ਮੌਕਾ
iccrc crcic
CANADA IMMIGRATION
• Specialist in marriage appeals & residency appeals
• Under express entry program applicant can come to Canada within 6 month. For assessments you can visit or call.
investment programme
• ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਉ
• 6 ਤੋਂ 8 ਮਹੀਨੇ 'ਚ ਨੈਨੀ ਮੰਗਵਾਉ
• ਕੈਨੇਡਾ ਦੇ ਆਰਜ਼ੀ ਵਰਕ ਪਰਮਿਟ ਪ੍ਰੋਗਰਾਮ 'ਚ ਤਬਦੀਲੀਆਂ
ਜੇ ਤੁਹਾਡੇ ਵਿਆਹ ਦਾ ਕੇਸ ਰਿਫਿਊਜ਼ ਹੋ ਗਿਆ ਅਤੇ ਅਪੀਲ ਕਰਨਾ ਚਾਹੁੰਦੇ ਹੋ?
ਜੇ ਤੁਸੀ ਸਟੂਡੈਂਟ ਹੋ ਅਤੇ ਕੈਨੇਡਾ ਵਿਚ ਪੱਕੇ ਹੋਣਾ ਚਾਹੁੰਦੇ ਹੋ?
ਜੇ ਵਿਜ਼ਟਰ ਵੀਜ਼ੇ ਤੇ ਆਏ ਹੋ, ਪੀ.ਆਰ. ਲੈਣਾ ਚਾਹੁੰਦੇ ਹੋ?
...ਤਾਂ ਸਲਾਹ ਮਸ਼ਵਰੇ ਲਈ ਅੱਜ ਹੀ ਸਾਨੂੰ ਮਿਲੋ
ਸੁਪਰ ਵੀਜ਼ਾ, ਵਿਜ਼ਟਰ ਵੀਜ਼ਾ, ਵਰਕ ਪਰਮਿਟ, ਸਟੱਡੀ ਪਰਮਿਟ, ਮਲਟੀਪਲ ਵੀਜ਼ਾ, LMIA ਲੈਣ ਲਈ ਸਾਡੀਆਂ ਸੇਵਾਵਾਂ ਲਓ।
ਪੀ.ਆਰ. ਕਾਰਡ ਬਣਵਾਉਣ ਅਤੇ ਸਿਟੀਜ਼ਨਸ਼ਿਪ ਲੈਣ ਲਈ ਸੰਪਰਕ ਕਰੋ।
Navneet Sharma 778-320-0620
Ph:604-597-1119 | Fax:604-593-5099
#209-7928, 128st. Surrey BC V3W 4E8
info@ideaimmigration.com | www.ideaimmigration.com

# .ਗ਼ਜ਼ਲ ਮੰਚ ਸਰੀ ਦੀ ਸ਼ਾਇਰਾਨਾ ਮਹਿ.ਫ਼ਿਲ ਵਿਚ ਇੰਦਰਜੀਤ ਧਾਮੀ ਦੀ ਨਵੀਂ ਪੁਸਤਕ ਰਿਲੀਜ਼



ਸਰੀ (ਹਰਦਮ ਮਾਨ)- ਗ਼ਜ਼ਲ ਮੰਚ ਸਰੀ ਦੀ ਮੀਟਿੰਗ ਉਸਤਾਦ ਸ਼ਾਇਰ ਕ੍ਰਿਸ਼ਨ ਭਨੋਟ ਅਤੇ ਜਸਵਿੰਦਰ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਮੰਚ ਵੱਲੋਂ ਆਉਂਦੇ ਦਿਨਾਂ ਵਿਚ ਮੰਚ ਦੇ ਸ਼ਾਇਰਾਂ ਦੀਆਂ ਨਵ-ਪ੍ਰਕਾਸ਼ਿਤ ਪੁਸਤਕਾਂ ਰਿਲੀਜ਼ ਕਰਨ ਦਾ ਪ੍ਰੋਗਰਾਮ ਉਲੀਕਿਆ ਗਿਆ ਅਤੇ ਸਾਲਾਨਾ ਸਮਾਗਮ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੌਕੇ ਸ਼ਾਇਰ ਇੰਦਰਜੀਤ ਧਾਮੀ ਦੀ ਨਵੀਂ ਪੁਸਤਕ "ਕਬਿਓ ਬਾਚ" ਰਿਲੀਜ਼ ਕੀਤੀ ਗਈ।

ਸ਼ਿਅਰੋ ਸ਼ਾਇਰੀ ਦੇ ਦੌਰ ਵਿਚ ਸਭ ਤੋਂ ਪਹਿਲਾਂ ਇੰਦਰਜੀਤ ਧਾਮੀ ਨੇ ਆਪਣੀ ਗ਼ਜ਼ਲ ਕਹੀ। ਫਿਰ ਉਸਤਾਦ ਸ਼ਾਇਰ ਕ੍ਰਿਸ਼ਨ ਭਨੋਟ ਸ਼ਾਇਰੀ ਦੇ ਰੂਬਰੂ ਹੋਏ। ਉਨ੍ਹਾਂ ਦੇ ਬੋਲ ਸਨ- "ਸੁਨਹਿਰੀ ਜਿਲਦ ਵਾਲ਼ੀ ਡਾਇਰੀ ਤੇ ਮੈਂ ਨਹੀਂ ਲਿਖਦਾ, ਕਿ ਦਫ਼ਤਰ ਵਾਂਗਰਾਂ ਮੈਥੋਂ ਕਲਮਕਾਰੀ ਨਹੀਂ ਹੁੰਦੀ।" ਨੌਜਵਾਨ ਸ਼ਾਇਰ ਦਵਿੰਦਰ ਗੌਤਮ ਦੀ ਖ਼ੂਬਸੂਰਤ ਗ਼ਜ਼ਲ ਸੀ - "ਬਦਲਦੇ ਵਕਤ ਨੇ ਕਿੰਨਾ ਬਦਲ ਦਿੱਤਾ ਸੁਭਾ ਨਈਂ ਤਾਂ, ਖ਼ਤਾਂ ਰਾਹੀਂ ਮੁਹੱਬਤ ਦੀ ਉਹ ਖ਼ੁਸ਼ਬੂ ਮਾਣ ਲੈਂਦਾ ਸੀ" ਰਾਜਵੰਤ ਰਾਜ ਆਪਣੇ ਪਿਆਰੇ ਅੰਦਾਜ਼ ਵਿਚ ਹਾਜਰ ਹੋਇਆ-"ਕਿਸ ਦੇ ਮਜ਼ਾਰ ਉੱਤੇ ਦੀਵਾ ਜਗਾਉਣ ਆਈ, ਜਾਓ ਪਤਾ ਤਾਂ ਲਾਓ ਬਿਰਹਣ ਇਹ ਕੌਣ ਆਈ" ਸ਼ਾਇਰੀ ਵਿਚ ਨਵੀਆਂ ਪੁਲਾਘਾਂ ਪੁੱਟ ਰਿਹਾ ਸ਼ਾਇਰ ਪ੍ਰੀਤ ਮਨਪ੍ਰੀਤ ਕਹਿ ਰਿਹਾ ਸੀ- "ਪੈੜਾਂ ਦਾ ਮੋਹ ਛੱਡ ਕੇ ਜੇਕਰ ਰਾਹਾਂ ਨਾਲ਼ ਪਿਆਰ ਕਰੇ ਬੰਦਾ ਥੋੜ੍ਹਾ ਸੌਖਾ ਰਹਿੰਦੈ, ਔਖੇ ਪੰਧ ਨਿਬੇੜਦਿਆਂ" ਉਰਦੂ ਅਤੇ ਪੰਜਾਬੀ ਦਾ ਸ਼ਾਇਰ ਦਸ਼ਮੇਸ਼ ਗੱਲ ਫਿਰੋਜ਼ ਆਪਣੇ ਨਿਵੇਕਲੇ ਅੰਦਾਜ਼ ਵਿਚ ਪੇਸ਼ ਹੋਇਆ- "ਦੁੱਖ ਹੁੰਦੇ ਨੇ ਸਭ ਨੂੰ ਪਰ ਤੂੰ ਤਾਂ ਕੀੜੀਆਂ ਤੇ ਪਹਾੜ ਸਿੱਟੇ ਨੇ" ਨਾਮਵਰ ਸ਼ਾਇਰ ਜਸਵਿੰਦਰ ਦਾ ਹਰ ਇਕ ਸ਼ਿਅਰ ਬਾਕਮਾਲ ਸੀ- "ਸਿਰਲੱਥਾਂ ਦੀ ਭੀੜ ਸੀ, ਮੋੜ ਕਸੂਤਾ ਆ ਗਿਆ ਸਿਆਣੇ ਸਿਆਣੇ ਮੁੜ ਗਏ ਝੱਲੇ ਝੱਲੇ ਰਹਿ ਗਏ" "ਖੇਤ ਜੋ ਡਰਨਾ ਗੱਡਿਆ ਖ਼ੁਦ ਛੱਲੀਆਂ ਲੈ ਭੱਜਿਆ ਪਿੱਛੇ ਟਾਂਡੇ ਕੜਬ ਦੇ ਸਾਡੇ ਪੱਲੇ ਰਹਿ ਗਏ" ਹਰਦਮ ਮਾਨ ਅਜੋਕੇ ਮਾਨਵ ਦੀ ਤਸਵੀਰਕਸ਼ੀ ਲੈ ਕੇ ਹਾਜਰ ਸੀ- "ਹਾਸਿਆਂ ਦੀ ਓੜ ਚਾਦਰ ਠੇਲ੍ਹਦੇ ਹਾਂ ਕਿਸ਼ਤੀਆਂ ਦਰਦ ਦਾ ਦਰਿਆ ਦਿਲਾਂ ਵਿਚ ਵਹਿ ਰਿਹਾ ਹੈ ਚੁੱਪ ਚਾਪ" ਮਹਿਫ਼ਿਲ ਦੀ ਸਮਾਪਤੀ ਗੁਰਮੀਤ ਸਿੱਧੂ ਦੇ ਬਹੁਤ ਹੀ ਭਾਵਪੂਰਤ ਸ਼ਿਅਰਾਂ ਨਾਲ ਹੋਈ- "ਲਫਜ਼ਾਂ ਵਿੱਚ ਪਰੋ ਕੇ ਅਪਣੇ, ਤੈਨੂੰ ਕੁਝ ਅਹਿਸਾਸ ਦਿਆਂ। ਫੁੱਲਪੰਖੜੀ ਉੱਤੇ ਲਿਖਿਆ, ਨਗ਼ਮਾ ਖਾਸ-ਮ-ਖਾਸ ਦਿਆਂ।'

## ਜਥੇਦਾਰ ਤੋਤਾ ਸਿੰਘ ਦਾ ਪੀਏ ਜਗਸੀਰ ਸਿੰਘ ਤੇ ਉਸਦੀ ਮਾਂ ਸੜਕ ਹਾਦਸੇ ਵਿਚ ਹਲਾਕ- ਪਤਨੀ ਤੇ ਬੇਟੀ ਜ਼ਖਮੀ

ਸ੍ਰੀ ਮੁਕਤਸਰ ਸਾਹਿਬ-ਮੁਕਤਸਰ-ਕੋਟਕਪੂਰਾ ਰੋਡ 'ਤੇ ਪਿੰਡ ਵੜਿੰਗ ਨੇੜੇ ਜੌੜੀਆਂ ਨਹਿਰਾਂ ਕੋਲ ਦੋ ਕਾਰਾਂ ਦੀ ਟੱਕਰ 'ਚ ਮਾਂ-ਪੁੱਤ ਦੀ ਮੌਤ ਹੋ ਗਈ, ਜਦਕਿ ਦੋਵੇਂ ਕਾਰਾਂ 'ਚ ਸਵਾਰ ਚਾਰ ਜਣੇ ਜ਼ਖਮੀ ਹੋ ਗਏ। ਮਰਨ ਵਾਲਿਆਂ 'ਚ ਸਾਬਕਾ ਮੰਤਰੀ ਜਥੇਦਾਰ ਤੋਤਾ ਸਿੰਘ ਦੇ ਪੀਏ ਜਗਸੀਰ ਸਿੰਘ (35) ਤੇ ਉਨ੍ਹਾਂ ਦੀ ਮਾਤਾ ਪਰਮਜੀਤ ਕੌਰ (60) ਸ਼ਾਮਲ ਹਨ। ਜ਼ਖ਼ਮੀਆਂ 'ਚ ਮ੍ਰਿਤਕ ਜਗਸੀਰ ਸਿੰਘ ਦੀ ਪਤਨੀ ਅੰਮ੍ਰਿਤਪਾਲ ਕੌਰ (35), ਬੇਟੀ ਅਭਿਜੋਤ ਕੌਰ (8 ) ਵਾਸੀ ਧਰਮਕੋਟ (ਮੋਗਾ) ਤੇ ਦੂਜੀ ਕਾਰ 'ਚ ਸਵਾਰ ਭਗਵੰਤ ਸਿੰਘ ਤੇ ਜਗਤਾਰ ਸਿੰਘ ਵਾਸੀ ਸ੍ਰੀਗੰਗਾਨਗਰ ਸ਼ਾਮਲ ਹਨ। ਧਰਮਕੋਟ ਦਾ ਰਹਿਣ ਵਾਲਾ ਜਗਸੀਰ ਸਿੰਘ ਆਪਣੀ ਮਾਤਾ, ਪਤਨੀ ਤੇ ਬੇਟੀ ਨਾਲ ਸ੍ਰੀ ਮੁਕਤਸਰ ਸਾਹਿਬ ਆਪਣੇ ਰਿਸ਼ਤੇਦਾਰੀ 'ਚ ਨਵਜੰਮੇ ਬੱਚੇ ਨੂੰ ਸ਼ਗਨ ਦੇਣ ਪੁੱਜੇ ਸਨ। ਉਹ ਦੇਰ ਸ਼ਾਮ ਕਾਰ ਰਾਹੀਂ ਧਰਮਕੋਟ ਰਵਾਨਾ ਹੋਏ। ਜਦੋਂ ਉਨ੍ਹਾਂ ਦੀ ਕਾਰ ਕੋਟਕਪੂਰਾ ਰੋਡ 'ਤੇ ਜੌੜੀਆਂ ਨਹਿਰਾਂ ਨੇੜੇ ਪੁੱਜੀ ਤਾਂ ਸਾਹਮਣੇ ਤੋਂ ਆ ਰਹੀ ਤੇਜ਼ ਰਫ਼ਤਾਰ ਵਰਨਾ ਕਾਰ ਨੇ ਉਨ੍ਹਾਂ ਦੀ ਕਾਰ ਨੂੰ ਟੱਕਰ ਮਾਰ ਦਿੱਤੀ। ਜ਼ਖਮੀਆਂ ਨੂੰ ਹਸਪਤਾਲ ਲਿਜਾਇਆ ਗਿਆ। ਇਸ ਦੌਰਾਨ ਜਗਸੀਰ ਸਿੰਘ ਤੇ ਉਸ ਦੀ ਮਾਤਾ ਪਰਮਜੀਤ ਕੌਰ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਵਰਨਾ ਕਾਰ ਚਾਲਕ ਭਗਵੰਤ ਸਿੰਘ ਨੂੰ ਫਰੀਦਕੋਟ ਦੇ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਤੇ ਹਸਪਤਾਲ ਰੈਫਰ ਕਰ ਦਿੱਤਾ ਗਿਆ। ਥਾਣਾ ਬਰੀਵਾਲਾ ਪੁਲੀਸ ਨੇ ਜਗਸੀਰ ਸਿੰਘ ਦੀ ਪਤਨੀ ਦੇ ਬਿਆਨਾਂ 'ਤੇ ਵਰਨਾ ਕਾਰ ਚਾਲਕ ਭਗਵੰਤ ਸਿੰਘ ਸਿੱਧੂ ਖਿਲਾਫ ਲਾਪ੍ਰਵਾਹੀ ਨਾਲ ਡਰਾਈਵਿੰਗ ਕਰਨ ਦਾ ਕੇਸ ਦਰਜ ਕਰ ਲਿਆ ਹੈ। ਦੱਸਣਯੋਗ ਹੈ ਕਿ ਭਗਵੰਤ ਸਿੰਘ ਸਿੱਧੂ 'ਆਪ' ਦੇ ਸੂਬਾ ਪ੍ਰਧਾਨ ਭਗਵੰਤ ਮਾਨ ਦਾ ਪੀਏ ਹੈ।

## ਮਾਨ ਪਰਿਵਾਰ ਨੂੰ ਸਦਮਾ-ਮਾਤਾ ਸਤਨਾਮ ਕੌਰ ਦਾ ਦਿਹਾਂਤ

ਸਰੀ-ਨਿਰਮਾਣ ਖੇਤਰ ਵਿਚ ਉਘੀ ਬੀ ਐਮ ਗਰੁਪ ਆਫ ਕੰਪਨੀ ਦੇ ਸੀਈਓ ਬਲਰਾਜ ਮਾਨ ਤੇ ਮਾਨ ਪਰਿਵਾਰ ਨੂੰ ਉਦੋ ਗਹਿਰਾ ਸਦਮਾ ਪੁੱਜਾ ਜਦੋ ਉਹਨਾਂ ਦੇ ਸਤਿਕਾਰਯੋਗ ਮਾਤਾ ਸਤਨਾਮ ਕੌਰ ਮਾਨ ਦਾ ਦੇਹਾਂਤ ਹੋ ਗਿਆ। ਉਹ ਲਗਪਗ 92 ਸਾਲ ਦੇ ਸਨ। ਉਹ ਆਪਣੇ ਪਿੱਛੇ ਦੋ ਪੁੱਤਰ, ਪੰਜ ਧੀਆਂ, 18 ਪੋਤੇ-ਪੋਤਰੀਆਂ, ਦੋਹਤੇ-ਦੋਹਤੀਆਂ ਅਤੇ 19 ਪੜੋਤੇ-ਪੜੋਤੀਆਂ ਛੱਡ ਗਏ ਹਨ। ਮੌਜੂਦਾ ਸਮੇਂ ਲੈਂਗਲੀ ਵਿਚ ਰਹਿ ਰਹੀ ਮਾਤਾ ਸਤਨਾਮ ਕੌਰ ਦਾ ਜਨਮ ਮਈ 1929 ਵਿਚ ਲਾਇਲਪੁਰ (ਪਾਕਿਸਤਾਨ) ਵਿਚ ਚੱਕ 107 ਵਿਚ ਹੋਇਆ ਸੀ। ਮਾਤਾ ਸਤਨਾਮ ਕੌਰ ਦਾ ਅੰਤਿਮ ਸੰਸਕਾਰ 12 ਮਾਰਚ ਨੂੰ ਡੇਲਟਾ ਵਿਚ ਫਾਈਵ ਰਿਵਰਜ਼ ਫਿਊਨਰਲ ਵਿਖੇ ਸਵੇਰੇ 10 ਵਜੇ ਹੋਵੇਗਾ ਅਤੇ ਉਸ ਪਿਛੋਂ ਅੰਤਿਮ ਅਰਦਾਸ ਬਰੁੱਕਸਾਈਡ ਗੁਰਦੁਆਰਾ ਸਰੀ ਵਿਖੇ ਹੋਵੇਗੀ।

BADH ACCOUNTING SERVICES
32 YEARS EXPERIENCE IN ACCOUNTING
Specializing in:
ਟੈਕਸ ਦੇ ਪੇਪਰ ਭਰਨਾ * ਅਕਾਊਂਟਿੰਗ * ਪੇਰੋਲ
ਬਿਜ਼ਨਸ ਇਨਕਮ ਟੈਕਸ * ਪਰਸਨਲ ਇਨਕਮ ਟੈਕਸ
ਟੀ-ਫੋਰ ਜਾਂ ਵਰਕਰ ਕੰਪਨਸੇਸ਼ਨ ਫਾਰਮ * ਬੁੱਕ ਕੀਪਿੰਗ
* Tax Forms Fill up * Accounting * Payroll
* Business Income Tax * Personal Income Tax
* T4 & Workers Compensation Forms
* Bookkeeping

Jasbir Singh Badh
ਜਸਬੀਰ ਸਿੰਘ ਬਾਧ
ਸਾਡਾ ਅਕਾਊਂਟਿੰਗ ਵਿਚ 32 ਸਾਲ ਦਾ ਤਜ਼ਰਬਾ ਹੈ
Ph: 604-325-8370
Fax: 604-325-6654
# 1393 - 20800 - WESTMINSTER HWY, RICHMOND, BC

CAN-AM LUMBER MILL
WE CAN NOW SUPPLY COMPLETE HOME PACKAGE
Engineered Floor Joists, Roof Trusses
All the Framing lumber, Plywoods for Floors, Walls & Roof
Always Low Prices
2X6X8' Kiln Dry Fir **$4.95 EA**
1X4 Red Cedar 10' **$2.95 EA**
4X8X3/8" Paint Grade Plywood **$21.95 EA**
4X8X1/2" Paint Grade Plywood **$29.95 EA**
*APNA PUNJABI LUMBER YARD*
RING: MALKIT OR SAM SANGHA
604-580-1415
11635 130th St., Surrey, FAX: 604-580-1528
Email: can-ambuildingsupply@shaw.ca
*We Deliver to Your Job Site (Even to the Moon)*
"Where the Builders Buy"

REAL ESTATE BUY & SELL
KULWANT ATWAL 604-716-2135
MORTGAGES 1st, 2nd or Private
BHAJAN ATWAL 604-773-8426
BUILD WITH WARRANTY
BUILD, SUPPORT & ADVICE TEAM WORK
604-773-8426
604-594-7592

Save Commissions &
Get Sold Guaranteed
We Help Buyers With Cash Back
Buy, Sell, Mortgage or
Build With Us:

amex A Mark of EXcellence
CENTUM
You Will Save Thousands Thousands Dollars
Buy With Us: Get Full Support
Sell With Us: Save Money
Build With Us: Warranty & Support
"Pre-Register Your House To Sell & Save Thousands Dollars & Guaranteed Sold"
RESIDENTIAL
CONSTRUCTION
COMMERCIAL
NEW IMMIGRANTS
SELF EMPLOYED
PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply
Real Estate, Mortgage, Build & Warranty, Private Mortgages
604-716-2135 604-773-8426

# ਇਤਿਹਾਸ ਦੀ ਵਿਵਾਦਿਤ ਪੁਸਤਕ ਵਿਰੁੱਧ ਵਿਸ਼ਾਲ ਧਰਨਾ

## ਸਿੱਖਿਆ ਮੰਤਰੀ ਪਰਗਟ ਸਿੰਘ ਨੇ ਧਰਨੇ ਵਿਚ ਪੁੱਜਕੇ ਲਿਆ ਮੰਗ ਪੱਤਰ-ਕਾਰਵਾਈ ਦਾ ਦਿੱਤਾ ਭਰੋਸਾ

ਮੁਹਾਲੀ-ਪੰਜਾਬ ਦੇ ਸਕੂਲਾਂ ਵਿੱਚ ਬਾਰ੍ਹਵੀਂ ਦੇ ਵਿਦਿਆਰਥੀਆਂ ਨੂੰ ਇਤਿਹਾਸ ਵਿਸ਼ੇ ਦੀ ਵਿਵਾਦਤ ਕਿਤਾਬ ਪੜ੍ਹਾਉਣ ਵਿਰੁੱਧ ਸਿੱਖਿਆ ਬੋਰਡ ਦੇ ਬਾਹਰ ਲੜੀਵਾਰ ਧਰਨਾ ਦਿੱਤਾ ਜਾ ਰਿਹਾ ਹੈ। ਉਧਰ, ਸਿੱਖਿਆ ਮੰਤਰੀ ਪਰਗਟ ਸਿੰਘ ਧਰਨੇ ਵਿੱਚ ਪੁੱਜੇ। ਉਨ੍ਹਾਂ ਸਿੱਖ ਗੁਰੂਆਂ ਅਤੇ ਸਿੱਖ ਇਤਿਹਾਸ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਬਾਰੇ ਸ਼ਿਕਾਇਤਾਂ ਨੂੰ ਗੰਭੀਰਤਾ ਨਾਲ ਲੈਂਦਿਆਂ ਵਿਵਾਦਤ ਕਿਤਾਬ ਦੇ ਪੰਨੇ ਫਰੋਲੇ ਅਤੇ ਧਰਨਾਕਾਰੀਆਂ ਨੂੰ ਭਰੋਸਾ ਦਿੱਤਾ ਕਿ ਵਿਵਾਦਤ ਕਿਤਾਬਾਂ ਨੂੰ ਜ਼ਬਤ ਕੀਤਾ ਜਾਵੇਗਾ ਅਤੇ ਜ਼ਿੰਮੇਵਾਰ ਵਿਅਕਤੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਮੰਤਰੀ ਨੇ ਇਹ ਵੀ ਭਰੋਸਾ ਦਿੱਤਾ ਕਿ ਭਵਿੱਖ ਵਿੱਚ ਵਿਦਿਆਰਥੀਆਂ ਤਕ ਸਹੀ ਪਾਠਕ੍ਰਮ ਪੁੱਜਦਾ ਕੀਤਾ ਜਾਵੇਗਾ ਅਤੇ ਕਿਤਾਬ ਛਾਪਣ ਤੋਂ ਪਹਿਲਾਂ ਉਸ ਦੀ ਘੋਖ ਕੀਤੀ ਜਾਵੇਗੀ। ਉਨ੍ਹਾਂ ਨੇ ਪ੍ਰਦਰਸ਼ਨਕਾਰੀਆਂ ਕੋਲੋਂ ਮੰਗ ਪੱਤਰ ਵੀ ਹਾਸਲ ਕੀਤਾ। ਧਰਨਾਕਾਰੀਆਂ ਨੇ ਕਿਹਾ ਕਿ ਜੇਕਰ ਬੱਚਿਆਂ ਨੂੰ ਗਲਤ ਇਤਿਹਾਸ ਪੜ੍ਹਾਇਆ ਜਾਵੇਗਾ ਤਾਂ ਫਿਰ ਉਨ੍ਹਾਂ ਤੋਂ ਚੰਗੇ ਭਵਿੱਖ ਦੀ ਉਮੀਦ ਕਿਵੇਂ ਕੀਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਇਹ ਮਾਮਲਾ ਸਾਧਾਰਨ ਮੁਆਫ਼ੀ ਦੇ ਯੋਗ ਨਹੀਂ ਹੈ, ਬਲਕਿ ਜ਼ਿੰਮੇਵਾਰ ਵਿਅਕਤੀਆਂ ਵਿਰੁੱਧ ਸਖ਼ਤ ਕਾਨੂੰਨੀ ਅਤੇ ਵਿਭਾਗੀ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।

### ਵਿਵਾਦਤ ਪੁਸਤਕ 'ਤੇ ਸਾਲ 2007 'ਚ ਲਾਈ ਸੀ ਪਾਬੰਦੀ-ਸ਼੍ਰੋਮਣੀ ਕਮੇਟੀ

ਅੰਮ੍ਰਿਤਸਰ (ਪੱਤਰ ਪ੍ਰੇਰਕ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸੰਗਤਾਂ ਨੂੰ ਸੁਚੇਤ ਕਰਦਿਆਂ ਕਿਹਾ ਹੈ ਕਿ ਕੁਝ ਸਿੱਖ ਵਿਰੋਧੀ ਤਾਕਤਾਂ ਸਿੱਖਾਂ ਦੀ ਸਿਰਮੌਰ ਧਾਰਮਿਕ ਸੰਸਥਾ ਸ਼੍ਰੋਮਣੀ ਕਮੇਟੀ ਨੂੰ ਬਦਨਾਮ ਕਰਨ ਦੀਆਂ ਕੋਸ਼ਿਸ਼ਾਂ ਕਰ ਰਹੀਆਂ ਹਨ ਜਿਨ੍ਹਾਂ ਤੋਂ ਸਿੱਖ ਪੰਥ ਨੂੰ ਸੁਚੇਤ ਰਹਿਣ ਦੀ ਲੋੜ ਹੈ। ਸ਼੍ਰੋਮਣੀ ਕਮੇਟੀ ਦੇ ਮੈਂਬਰ ਤੇ ਫੈਡਰੇਸ਼ਨ ਆਗੂ ਭਾਈ ਗੁਰਚਰਨ ਸਿੰਘ ਗਰੇਵਾਲ ਅਤੇ ਭਾਈ ਗੁਰਬਖ਼ਸ਼ ਸਿੰਘ ਖ਼ਾਲਸਾ ਨੇ ਆਖਿਆ ਕਿ ਬੀਤੇ ਕੁਝ ਦਿਨਾਂ ਤੋਂ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਪੁਸਤਕ, ਜਿਸ ਵਿਚ ਸਿੱਖ ਇਤਿਹਾਸ ਨੂੰ ਗਲਤ ਰੰਗਤ ਦੇ ਕੇ ਪੇਸ਼ ਕੀਤਾ ਗਿਆ ਹੈ, ਵਿਰੁੱਧ ਧਰਨਾ ਲਾਉਣ ਵਾਲੇ ਬਲਦੇਵ ਸਿੰਘ ਸਿਰਸਾ ਸ਼੍ਰੋਮਣੀ ਕਮੇਟੀ ਨੂੰ ਜਾਣ ਬੁੱਝ ਕੇ ਬਦਨਾਮ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਲੋਕ ਅਸਲ ਮਾਮਲੇ ਤੋਂ ਹਟ ਕੇ ਸ਼੍ਰੋਮਣੀ ਕਮੇਟੀ ਦੀ 1999 ਵਿਚ ਛਾਪੀ ਹਿੰਦੀ ਪੁਸਤਕ 'ਸਿੱਖ ਇਤਿਹਾਸ' ਦੇ ਮਾਮਲੇ ਨੂੰ ਬਿਨਾਂ ਵਜ੍ਹਾ ਤੂਲ ਦੇ ਰਹੇ ਹਨ, ਜਦੋਂਕਿ ਸਚਾਈ ਇਹ ਹੈ ਕਿ ਇਸ ਪੁਸਤਕ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਵਾਪਸ ਲੈ ਲਿਆ ਗਿਆ ਸੀ। ਉਨ੍ਹਾਂ ਕਿਹਾ ਕਿ ਇਸ ਪੁਸਤਕ ਵਿਚ ਕੁਝ ਇਤਰਾਜ਼ਯੋਗ ਤੱਥ ਸਨ ਅਤੇ ਇਸ ਬਾਰੇ ਸੰਗਤਾਂ ਦੇ ਇਤਰਾਜ਼ ਆਉਣ ਤੋਂ ਬਾਅਦ ਇਸ 'ਤੇ ਪਾਬੰਦੀ ਲਾ ਦਿੱਤੀ ਗਈ ਸੀ। ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ ਨੇ ਸਪੱਸ਼ਟ ਕੀਤਾ ਕਿ 23 ਨਵੰਬਰ 2007 ਨੂੰ ਜਨਰਲ ਇਜਲਾਸ ਦੌਰਾਨ ਇਕ ਵਿਸ਼ੇਸ਼ ਮਤਾ ਪਾਸ ਕਰਕੇ ਇਸ ਕਿਤਾਬ 'ਤੇ ਪਾਬੰਦੀ ਲਾਉਂਦਿਆਂ ਇਸ ਦੀਆਂ ਛਪੀਆਂ ਕਾਪੀਆਂ ਵਾਪਸ ਲੈ ਲਈਆਂ ਗਈਆਂ ਸਨ। ਇਹ ਪੁਸਤਕ ਜੇ.ਡੀ. ਕਨਿੰਘਮ ਦੀ ਅੰਗਰੇਜ਼ੀ ਪੁਸਤਕ 'ਦਿ ਹਿਸਟਰੀ ਆਫ ਸਿੱਖਜ਼' ਦਾ ਹਿੰਦੀ ਅਨੁਵਾਦ ਸੀ।

### ਯੂਕਰੇਨ 'ਚੋਂ 17000 ਭਾਰਤੀ ਸੁਰੱਖਿਅਤ ਨਿਕਲੇ-ਭਾਰਤ ਸਰਕਾਰ ਵੱਲੋਂ ਖੁਲਾਸਾ

ਨਵੀਂ ਦਿੱਲੀ (ਦਿਓਲ)-ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਸਰਕਾਰ ਵੱਲੋਂ ਜਾਰੀ ਐਡਵਾਈਜ਼ਰੀ ਮਗਰੋਂ ਹੁਣ ਤੱਕ 17000 ਭਾਰਤੀ ਯੂਕਰੇਨ ਛੱਡ ਚੁੱਕੇ ਹਨ। ਮੰਤਰਾਲੇ ਨੇ ਕਿਹਾ ਕਿ ਯੂਕਰੇਨ ਦੇ ਪੂਰਬੀ ਸ਼ਹਿਰਾਂ, ਜਿੱਥੇ ਪਹੁੰਚਣਾ ਬਹੁਤ ਮੁਸ਼ਕਲ ਹੈ, ਤੱਕ ਰਸਾਈ ਲਈ ਕੋਸ਼ਿਸ਼ਾਂ ਲਗਾਤਾਰ ਜਾਰੀ ਹਨ। ਮੰਤਰਾਲੇ ਦੇ ਤਰਜਮਾਨ ਅਰਿੰਦਮ ਬਾਗਚੀ ਨੇ ਕਿਹਾ, "ਸਾਡੇ ਵੱਲੋਂ ਜਾਰੀ ਐਡਵਾਈਜ਼ਰੀ ਮਗਰੋਂ...ਇਕ ਅੰਦਾਜ਼ੇ ਮੁਤਾਬਕ 17,000 ਦੇ ਕਰੀਬ ਭਾਰਤੀ ਹੁਣ ਤਕ ਯੂਕਰੇਨੀ ਸਰਹੱਦਾਂ ਛੱਡ ਚੁੱਕੇ ਹਨ। ਇਨ੍ਹਾਂ ਵਿੱਚ ਉਹ ਭਾਰਤੀ ਵੀ ਸ਼ਾਮਲ ਹਨ, ਜੋ ਅੰਬੈਸੀ ਕੋਲ ਪਹਿਲਾਂ ਰਜਿਸਟਰਡ ਨਹੀਂ ਸਨ।" ਬਾਗਚੀ ਨੇ ਕਿਹਾ ਕਿ ਹੁਣ ਤੱਕ 'ਅਪਰੇਸ਼ਨ ਗੰਗਾ' ਤਹਿਤ 3352 ਭਾਰਤੀ ਨਾਗਰਿਕ ਵੱਖ ਵੱਖ ਉਡਾਣਾਂ ਰਾਹੀਂ ਵਾਪਸ ਦੇਸ਼ ਪਰਤ ਚੁੱਕੇ ਹਨ। ਬਾਗਚੀ ਨੇ ਕਿਹਾ ਕਿ ਚੰਦਨ ਜਿੰਦਲ ਨਾਂ ਦੇ ਭਾਰਤੀ ਨਾਗਰਿਕ ਦੀ ਕੁਦਰਤੀ ਕਾਰਨਾਂ ਕਰਕੇ ਯੂਕਰੇਨ ਵਿੱਚ ਮੌਤ ਹੋਈ ਹੈ। ਉਨ੍ਹਾਂ ਕਿਹਾ ਕਿ ਚੰਦਨ ਜਿੰਦਲ ਪਿਛਲੇ ਕੁਝ ਸਮੇਂ ਤੋਂ ਸਟਰੋਕ ਕਰਕੇ ਹਸਪਤਾਲ ਵਿੱਚ ਦਾਖ਼ਲ ਸੀ।

# ਪੰਜਾਬ ਸਾਹਿਤ ਅਕਾਦਮੀ ਵੱਲੋਂ ਕੌਮਾਂਤਰੀ ਮਾਤ ਭਾਸ਼ਾ ਦਿਵਸ ਦੇ ਪ੍ਰਸੰਗ ਵਿਚ ਅੰਤਰਭਾਸ਼ਾਈ ਮੁਸ਼ਾਇਰਾ

ਸਰੀ (ਹਰਦਮ ਮਾਨ)-ਪੰਜਾਬ ਸਾਹਿਤ ਅਕਾਦਮੀ ਵੱਲੋਂ ਆਪਣੇ ਮਹੀਨੇਵਾਰ ਫੀਚਰ 'ਬੰਦਨਵਾਰ' ਦੇ ਤਹਿਤ ਇਸ ਵਾਰ ਕੌਮਾਂਤਰੀ ਮਾਤ ਭਾਸ਼ਾ ਦਿਵਸ ਦੇ ਪ੍ਰਸੰਗ ਵਿਚ ਆਨਲਾਈਨ ਅੰਤਰਭਾਸ਼ਾਈ ਮੁਸ਼ਾਇਰਾ ਕਰਵਾਇਆ ਗਿਆ। ਇਸ ਮੁਸ਼ਾਇਰੇ ਵਿਚ ਰਾਜਸਥਾਨੀ ਕਵੀ ਅਰਜੁਨ ਦੇਵ ਚਾਰਨ, ਮਰਾਠੀ ਕਵੀ ਦਾਮੋਦਰ ਮੋਰੇ, ਕੰਨੜ ਕਵੀ ਪ੍ਰੋ। ਧਰਨੇਂਦਰ ਕੁਰਕੁਰੇ, ਦਿੱਲੀ ਤੋਂ ਪੰਜਾਬੀ ਕਵੀ ਵਨੀਤਾ, ਪੰਜਾਬ ਤੋਂ ਪੰਜਾਬੀ ਕਵੀ ਗੁਰਪ੍ਰੀਤ, ਤਰਸੇਮ, ਮਨਪ੍ਰੀਤ ਟਿਵਾਣਾ, ਹਰਪ੍ਰੀਤ ਸੰਧੂ ਅਤੇ ਪੁਆਧੀ ਉਪਭਾਸ਼ਾ ਦੇ ਕਵੀ ਚਰਨ ਪੁਆਧੀ ਸ਼ਾਮਿਲ ਹੋਏ। ਇਸ ਪ੍ਰੋਗਰਾਮ ਦੇ ਮੁੱਖ ਮਹਿਮਾਨ ਪੰਜਾਬ ਕਲਾ ਪਰਿਸ਼ਦ ਦੇ ਜਨਰਲ ਸੱਕਤਰ ਡਾ। ਲਖਵਿੰਦਰ ਜੌਹਲ, ਵਿਸ਼ੇਸ਼ ਟਿੱਪਣੀਕਾਰ ਡਾ। ਸਤੀਸ਼ ਕੁਮਾਰ ਵਰਮਾ ਸਨ ਅਤੇ ਪ੍ਰਧਾਨਗੀ ਡਾ। ਸਰਬਜੀਤ ਕੌਰ ਸੋਹਲ ਨੇ ਕੀਤੀ। ਕਵੀ ਦਰਬਾਰ ਦੇ ਹੋਸਟ ਡਾ। ਕੁਲਦੀਪ ਸਿੰਘ ਦੀਪ ਦੁਆਰਾ ਸਾਰਿਆਂ ਦਾ ਸੁਆਗਤ ਕੀਤੇ ਜਾਣ ਤੋਂ ਬਾਅਦ ਡਾ। ਸਤੀਸ਼ ਕੁਮਾਰ ਵਰਮਾ ਨੇ ਕਿਹਾ ਕਿ ਸਦੀਆਂ ਤੋਂ ਭਾਸ਼ਾਵਾਂ ਇਕ ਦੂਜੇ ਨਾਲ ਆਦਾਨ-ਪ੍ਰਦਾਨ ਕਰਦੀਆਂ ਰਹੀਆਂ ਹਨ। ਭਾਸ਼ਾਵਾਂ ਵਿਚ ਵੀ ਉਵੇਂ ਸਰੱਹਦਾਂ ਨਹੀਂ ਹੋਣੀਆਂ ਚਾਹੀਦੀਆਂ, ਜਿਵੇਂ ਪੰਛੀਆਂ, ਹਵਾਵਾਂ ਅਤੇ ਪਾਣੀਆਂ ਦੇ ਮਾਮਲੇ ਵਿਚ ਕੁਦਰਤ ਨੇ ਕੋਈ ਸਰੱਹਦਾਂ ਨਹੀਂ ਬਣਾਈਆਂ। ਦਾਮੋਦਰ ਮੋਰੇ ਨੇ 'ਮੇਰੀ ਪਿਆਰੀ ਮਰਾਠੀ ਮਈਆ' ਕਵਿਤਾ ਰਾਹੀਂ ਫਿਰੋਜ਼ਦੀਨ ਸ਼ਰਫ਼ ਦੀ ਕਵਿਤਾ 'ਤੇਰੀ ਜੈ ਪੰਜਾਬੀ ਮਾਤਾ' ਦੀ ਯਾਦ ਕਰਵਾਈ। ਅਰਜੁਨ ਦੇਵ ਚਾਰਨ ਦੀ ਕਵਿਤਾ 'ਮੁਆਫ਼ੀਨਾਮਾ' ਭਾਸ਼ਾ ਦੀ




ਸਿਆਸਤ ਤੇ ਬਹੁਤ ਤਿੱਖਾ ਕਟਾਖਸ਼ ਕਰਦੀ ਹੈ ਜਿਸ ਦੇ ਤਹਿਤ ਮਨੁੱਖ ਦੀ ਭੁੱਖ ਨੂੰ ਬਾਜ਼ਾਰ ਨੇ ਹਾਈਜੈਕ ਕਰਕੇ ਭਾਸ਼ਾ ਤੇ ਵੱਡਾ ਹਮਲਾ ਕੀਤਾ। ਬਾਕੀ ਸਾਰੇ ਕਵੀਆਂ ਨੇ ਵੀ ਭਾਸ਼ਾ ਦੀਆਂ ਬਹੁਤ ਮਹੀਨ ਪਰਤਾਂ ਨੂੰ ਆਪਣੀਆਂ ਕਵਿਤਾਵਾਂ ਵਿਚ ਛੂਹਿਆ। ਇਹਨਾ ਸਾਰੇ ਕਵੀਆਂ ਦੀਆਂ ਕਵਿਤਾਵਾਂ, ਵਿਸ਼ੇਸ਼ ਤੌਰ ਤੇ ਦੂਜੀਆਂ ਭਾਰਤੀਆਂ ਭਾਸ਼ਾਵਾਂ ਦੀ ਕਵਿਤਾ ਸੁਣਨ ਤੋਂ ਬਾਅਦ ਇਹ ਅਹਿਸਾਸ ਹੋਇਆ ਕਿ ਸਾਰੇ ਭਾਰਤ ਦੀਆਂ ਖੇਤਰੀ ਭਾਸ਼ਾਵਾਂ ਲਈ ਇਸ ਵੇਲੇ ਇੱਕੋ ਜਿਹੀਆਂ ਚੁਣੌਤੀਆਂ ਹੀ ਹਨ ਅਤੇ ਸਿਆਸਤ ਇਹਨਾਂ ਤੇ ਅੰਗਰੇਜ਼ੀ ਦਾ ਸੱਭਿਆਚਾਰ ਥੋਪ ਕੇ ਭਾਸ਼ਾਵਾਂ ਦੇ ਵਿਨਾਸ਼ ਦੇ ਰਾਹ ਪਏ ਹੋਏ ਹਨ। ਭਾਸ਼ਾਵਾਂ ਰਾਹੀਂ ਇਕ ਦੂਜੇ ਦੇ ਸਰੋਕਾਰਾਂ ਨੂੰ ਸਮਝਣ ਅਤੇ ਚੁਣੌਤੀਆਂ ਦਾ ਮੁਕਾਬਲਾ ਕਰਨ ਪ੍ਰਤੀ ਸੂਝ ਦਾ ਅਹਿਸਾਸ ਪੈਦਾ ਕਰਨ ਦੇ ਨਜ਼ਰੀਏ ਤੋਂ ਇਹ ਕਵੀ ਦਰਬਾਰ ਬਹੁਤ ਮਹੱਤਵਪੂਰਨ ਸੀ। ਮੁੱਖ ਮਹਿਮਾਨ ਡਾ। ਲਖਵਿੰਦਰ ਜੌਹਲ ਨੇ ਕਿਹਾ ਕਿ ਭਾਸ਼ਾਵਾਂ ਮਨੁੱਖੀ ਸਾਂਝ ਨੂੰ ਮਜ਼ਬੂਤ ਕਰਦੀਆਂ ਹਨ। ਉਹਨਾਂ ਇਹ ਦੁਆ ਵੀ ਕੀਤੀ ਕਿ ਦੁਨੀਆ ਤੋਂ ਯੁੱਧ ਦੇ ਬੱਦਲ ਜਲਦੀ ਛਟ ਜਾਣ ਅਤੇ ਹਰ ਖਿੱਤੇ ਦੇ ਲੋਕ ਖੁਸ਼ੀ-ਖੁਸ਼ੀ ਵੱਸਣ। ਡਾ। ਸਰਬਜੀਤ ਕੌਰ ਸੋਹਲ ਨੇ ਸਾਰੇ ਮਹਿਮਾਨ ਕਵੀਆਂ, ਲੇਖਕਾਂ ਅਤੇ ਦਰਸ਼ਕਾਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਪੰਜਾਬ ਸਾਹਿਤ ਅਕਾਦਮੀ ਆਉਣ ਵਾਲੇ ਦਿਨਾਂ ਵਿਚ ਅੰਤਰਰਾਸ਼ਟਰੀ ਸਾਹਿਤ ਉਤਸਵ ਮਨਾਉਣ ਦੇ ਨਾਲ ਨਾਲ ਹੋਰ ਕਈ ਪ੍ਰੋਗਰਾਮਾਂ ਦਾ ਪ੍ਰਬੰਧ ਕਰ ਰਹੀ ਹੈ। ਇਸ ਆਨਲਾਈਨ ਕਵੀ ਦਰਬਾਰ ਵਿਚ ਉਪਰੋਕਤ ਤੋਂ ਇਲਾਵਾ ਅੰਜਨਾ ਮੈਨਨ, ਡਾ। ਗਗਨਦੀਪ ਸਿੰਘ, ਡਾ। ਸੁਰੀਆ ਖੁਸ਼, ਰਮਿੰਦਰ ਕੌਰ ਰਮੀ, ਡਾਕਟਰ ਅਮਨਦੀਪ ਕੌਰ ਬਰਾੜ, ਡਾ। ਹਰਸ਼ਰਨ ਕੌਰ, ਲੱਕੀ ਮਰਾੜ ਸਮੇਤ ਬਹੁਤ ਸਾਰੇ ਹੋਰ ਮਾਤ ਭਾਸ਼ਾ ਪ੍ਰੇਮੀਆਂ ਨੇ ਭਾਗ ਲਿਆ।


# ਓਸ਼ਨ ਵਿਊ ਫਿਸ਼ ਕੈਨਰੀ

## OCEAN VIEW FISH CANNERY

**ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।**

- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।



**604-594-0616**

# ਮੋਦੀ ਸਰਕਾਰ ਨੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ 'ਚੋਂ ਪੰਜਾਬ ਤੇ ਹਰਿਆਣਾ ਨੂੰ ਕੀਤਾ ਬਾਹਰ

ਸਫ਼ਾ 3 ਦੀ ਬਾਕੀ

ਦੀਆਂ ਭਾਵਨਾਵਾਂ ਜੁੜੀਆਂ ਹੋਈਆਂ ਹਨ। ਮੁੱਖ ਸਕੱਤਰ ਨੇ ਇਹ ਵੀ ਕਿਹਾ ਕਿ ਜੇਕਰ ਬੀਬੀਐੱਮਬੀ ਦੀ ਬਣਤਰ ਵਿਚ ਕੋਈ ਵੀ ਬਦਲਾਓ ਕੀਤਾ ਤਾਂ ਇਸ ਨਾਲ ਅਤਿਵਾਦ ਦਾ ਉਭਾਰ ਹੋ ਸਕਦਾ ਹੈ। ਮੁੱਖ ਸਕੱਤਰ ਨੇ ਕਿਹਾ ਸੀ ਕਿ ਇਸ ਮਾਮਲੇ ਨੂੰ ਉੱਤਰੀ ਜ਼ੋਨਲ ਕੌਂਸਲ ਦੀ ਮੁੱਖ ਮੰਤਰੀਆਂ ਦੀ ਅਗਵਾਈ ਵਾਲੀ ਅਗਲੀ ਮੀਟਿੰਗ ਵਿਚ ਵਿਚਾਰਿਆ ਜਾਵੇ। ਦੱਸਣਯੋਗ ਹੈ ਪੰਜਾਬ ਵਿੱਚ ਅਤਿਵਾਦ ਦੀ ਸਿਖਰ ਮੌਕੇ ਨਵੰਬਰ 1988 ਵਿਚ ਅਤਿਵਾਦੀ ਕਾਰਵਾਈ 'ਚ ਬੀਬੀਐੱਮਬੀ ਦੇ ਤਤਕਾਲੀ ਚੇਅਰਮੈਨ ਮੇਜਰ ਜਨਰਲ ਬੀ.ਐੱਨ ਕੁਮਾਰ ਮਾਰੇ ਗਏ ਸਨ। ਹੁਣ ਜਦੋਂ ਕੇਂਦਰ ਸਰਕਾਰ ਨੇ ਨਵਾਂ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ ਤਾਂ ਇੰਜ ਜਾਪਦਾ ਹੈ ਕਿ ਕੇਂਦਰ ਨੇ ਸੁਰੱਖਿਆ ਪਹਿਲੂ ਨੂੰ ਬਹੁਤੀ ਤਵੱਜੋ ਨਹੀਂ ਦਿੱਤੀ।




## ਡੈਮ ਦੀ ਸੁਰੱਖਿਆ ਤੋ ਵੀ ਸੂਬਾਈ ਪੁਲਿਸ ਨੂੰ ਲਾਂਭੇ ਕੀਤਾ-ਕੇਂਦਰੀ ਸੁਰੱਖਿਆ ਮੁਲਾਜ਼ਮ ਕੀਤੇ ਤਾਇਨਾਤ

ਚੰਡੀਗੜ੍ਹ-ਕੇਂਦਰ ਸਰਕਾਰ ਨੇ ਸੂਬਾਈ ਪੁਲੀਸ ਨੂੰ ਡੈਮਾਂ ਦੀ ਸੁਰੱਖਿਆ ਤੋਂ ਲਾਂਭੇ ਕਰਨ ਦਾ ਫ਼ੈਸਲਾ ਕੀਤਾ ਹੈ ਅਤੇ ਇਨ੍ਹਾਂ ਡੈਮਾਂ ਦੀ ਸੁਰੱਖਿਆ ਹੁਣ ਕੇਂਦਰੀ ਬਲ ਕਰਨਗੇ। ਭਾਖੜਾ ਬਿਆਸ ਮੈਨੇਜਮੈਂਟ ਬੋਰਡ ਨੇ ਤਿੰਨ ਪ੍ਰਮੁੱਖ ਡੈਮਾਂ ਦੀ ਸੁਰੱਖਿਆ ਕੇਂਦਰੀ ਸਨਅਤੀ ਸੁਰੱਖਿਆ ਫੋਰਸ (ਸੀਆਈਐੱਸਐੱਫ) ਹਵਾਲੇ ਕਰਨ ਦਾ ਫ਼ੈਸਲਾ ਕੀਤਾ ਹੈ। ਬੀਬੀਐੱਮ ਵੱਲੋਂ ਕੇਂਦਰੀ ਬਲਾਂ ਦੀ ਨਫ਼ਰੀ ਨੂੰ ਪ੍ਰਵਾਨਗੀ ਦੇ ਦਿੱਤੀ ਗਈ ਹੈ। ਪੰਜਾਬ ਦੀਆਂ ਰਾਜਸੀ ਧਿਰਾਂ ਨੇ ਇਸ ਦਾ ਤਿੱਖਾ ਵਿਰੋਧ ਕੀਤਾ ਹੈ। ਪੰਜਾਬ ਵਿਧਾਨ ਸਭਾ ਚੋਣਾਂ ਦੇ ਨਤੀਜੇ ਆਉਣ ਤੋਂ ਪਹਿਲਾਂ ਹੀ ਕੇਂਦਰ ਸਰਕਾਰ ਨੇ ਹੱਥੋਂ ਹੱਥ ਪੰਜਾਬ ਦੇ ਹਿਤਾਂ ਨੂੰ ਢਾਹ ਲਾਉਣ ਵਾਲੇ ਫ਼ੈਸਲੇ ਲਏ ਹਨ। ਪਹਿਲਾਂ ਬੀਬੀਐੱਮਬੀ ਦੀ ਪੱਕੀ ਪ੍ਰਤੀਨਿਧਤਾ 'ਚੋਂ ਪੰਜਾਬ ਨੂੰ ਬਾਹਰ ਕਰ ਦਿੱਤਾ ਹੈ। ਇਸੇ ਤਰ੍ਹਾਂ ਬੀਬੀਐੱਮਬੀ ਨੇ ਪਹਿਲੀ ਫਰਵਰੀ ਨੂੰ ਤਿੰਨ ਹਾਈਡਲ ਪ੍ਰੋਜੈਕਟਾਂ 'ਤੇ ਕੇਂਦਰੀ ਬਲਾਂ ਦੇ 824 ਮੁਲਾਜ਼ਮਾਂ ਤੇ ਅਧਿਕਾਰੀਆਂ ਦੀ ਨਫ਼ਰੀ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਪਹਿਲਾਂ ਇਨ੍ਹਾਂ ਪ੍ਰੋਜੈਕਟਾਂ ਦੀ ਸੁਰੱਖਿਆ ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਪੁਲੀਸ ਕੋਲ ਸੀ। ਨਵੇਂ ਫ਼ੈਸਲੇ ਮੁਤਾਬਕ ਭਾਖੜਾ ਡੈਮ ਪ੍ਰੋਜੈਕਟ 'ਤੇ ਕੇਂਦਰੀ ਬਲਾਂ ਦੇ 435 ਮੁਲਾਜ਼ਮ ਤਾਇਨਾਤ ਹੋਣਗੇ ਜਦੋਂ ਕਿ ਬਿਆਸ ਡੈਮ ਪ੍ਰੋਜੈਕਟ ਲਈ 146 ਮੁਲਾਜ਼ਮਾਂ ਦੀ ਨਫ਼ਰੀ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਇਸੇ ਤਰ੍ਹਾਂ ਸਤਲੁਜ ਬਿਆਸ ਲਿੰਕ ਪ੍ਰੋਜੈਕਟ 'ਤੇ 243 ਮੁਲਾਜ਼ਮਾਂ ਦੀ ਨਫ਼ਰੀ ਤਾਇਨਾਤ ਹੋਣੀ ਹੈ। ਇੱਕ ਅੰਦਾਜ਼ੇ ਅਨੁਸਾਰ ਕੇਂਦਰੀ ਬਲਾਂ ਦੀ ਸੁਰੱਖਿਆ ਦਾ ਖਰਚਾ ਕਰੀਬ 90 ਕਰੋੜ ਰੁਪਏ ਆਉਣਾ ਹੈ ਜਿਸ ਦਾ ਬੋਝ ਡੈਮਾਂ ਵਿਚ ਹਿੱਸੇਦਾਰ ਸੂਬਿਆਂ 'ਤੇ ਪੈਣਾ ਹੈ। ਪਾਰਲੀਮੈਂਟ ਵਿਚ 2019 ਵਿਚ ਡੈਮ ਸੇਫ਼ਟੀ ਬਿੱਲ ਲਿਆਂਦਾ ਗਿਆ ਸੀ ਜੋ ਕਿ ਦੋ ਤਿੰਨ ਮਹੀਨੇ ਪਹਿਲਾਂ ਹੀ ਐਕਟ ਬਣਿਆ ਹੈ। ਤਾਮਿਲਨਾਡੂ ਵੱਲੋਂ ਇਸ ਬਿੱਲ ਦਾ ਸਖ਼ਤ ਵਿਰੋਧ ਕੀਤਾ ਗਿਆ ਸੀ। ਹੁਣ ਜਦੋਂ ਕੇਂਦਰ ਸਰਕਾਰ ਲਗਾਤਾਰ ਹੱਲੇ ਬੋਲ ਰਹੀ ਹੈ ਤਾਂ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਚੰਨੀ ਅਤੇ ਕਾਂਗਰਸ ਪ੍ਰਧਾਨ ਨਵਜੋਤ ਸਿੱਧੂ ਦੀ ਚੁੱਪ ਸਮਝ ਨਹੀਂ ਪੈ ਰਹੀ ਹੈ।

## ਅਕਾਲੀ ਦਲ ਵੱਲੋਂ ਤਿੱਖਾ ਵਿਰੋਧ

ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਦਾ ਕਹਿਣਾ ਸੀ ਕਿ ਕੇਂਦਰ ਸਰਕਾਰ ਡੈਮਾਂ ਦੀ ਸੁਰੱਖਿਆ ਕੇਂਦਰੀ ਬਲਾਂ ਹਵਾਲੇ ਕਰਕੇ ਪੰਜਾਬ ਨੂੰ ਹੁਣ ਯੂਟੀ ਬਣਾਉਣ ਦੇ ਰਾਹ ਪੈ ਗਈ ਹੈ ਅਤੇ ਕੇਂਦਰ ਨੇ ਸੂਬਿਆਂ ਨੂੰ ਦਾਦਾਗਿਰੀ ਦਿਖਾਉਣੀ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਕੋਸ਼ਿਸ਼ ਕਰ ਰਹੇ ਹਨ ਕਿ ਇੱਕ ਸਾਂਝਾ ਪੱਖ ਤਿਆਰ ਕਰਕੇ ਕੇਂਦਰ 'ਤੇ ਦਬਾਅ ਬਣਾਇਆ ਜਾਵੇ। ਉਨ੍ਹਾਂ



ਕਿਹਾ ਕਿ ਅਫ਼ਸੋਸ ਇਸ ਗੱਲ ਦਾ ਹੈ ਕਿ ਇਸ ਮਾਮਲੇ 'ਤੇ ਮੁੱਖ ਮੰਤਰੀ ਚੰਨੀ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਹਾਲੇ ਤੱਕ ਘੇਸਲ ਵੱਟੀ ਬੈਠੇ ਹਨ ਜਿਸ ਤੋਂ ਜਾਪਦਾ ਹੈ ਕਿ ਅੰਦਰੋਂ ਜ਼ਰੂਰ ਕੋਈ ਗੜਬੜ ਹੈ।

# ਯੂਕਰੇਨ ਲਈ ਅੰਤਰਰਾਸ਼ਟਰੀ ਸਮਰਥਨ ਤੋਂ ਰੂਸ ਹੈਰਾਨ ਤੇ ਪ੍ਰੇਸ਼ਾਨ-ਜਸਟਿਨ ਟਰੂਡੋ

ਸਫ਼ਾ 1 ਦੀ ਬਾਕੀ

34 ਦੇਸ਼ਾਂ ਨੇ ਵੋਟਿੰਗ ਵਿਚ ਹਿੱਸਾ ਨਹੀਂ ਲਿਆ।

### ਹੋਰ ਪਾਬੰਦੀਆਂ ਲਗਾਈਆਂ ਜਾਣਗੀਆਂ

ਇਹ ਵਾਅਦਾ ਕਰਦਿਆਂ ਕਿ ਹੋਰ ਪਾਬੰਦੀਆਂ ਲਗਾਈਆਂ ਜਾ ਰਹੀਆਂ ਹਨ ਡਿਪਟੀ ਪ੍ਰਧਾਨ ਮੰਤਰੀ ਅਤੇ ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਨੇ ਸਵੀਕਾਰ ਕੀਤਾ ਕਿ ਇਸ ਨਾਲ ਕੈਨੇਡੀਅਨ ਆਰਥਿਕਤਾ ਨੂੰ ਕਾਫੀ ਨੁਕਸਾਨ ਹੋਣ ਦੀ ਸੰਭਾਵਨਾ ਹੈ। ਟਰੂਡੋ ਨੇ ਦੱਸਿਆ ਕਿ ਪਾਬੰਦੀਆਂ ਜ਼ਰੂਰੀ ਹਨ ਪਰ ਇਸ ਨਾਲ ਰੂਸ ਤੇ ਦੂਸਰੇ ਯੂਰਪੀਨ ਦੇਸ਼ਾਂ ਨੂੰ ਕਾਫੀ ਨੁਕਸਾਨ ਹੋਵੇਗਾ। ਪਾਬੰਦੀਆਂ ਦੇ ਸਿੱਟੇ ਵਜੋਂ ਕੈਨੇਡੀਅਨ ਉਦਯੋਗ ਪ੍ਰਭਾਵਤ ਹੋਣਗੇ ਅਤੇ ਸਰਕਾਰ ਦੇਖੇਗੀ ਕਿ ਉਨ੍ਹਾਂ ਨੂੰ ਕੀ ਮੁਆਵਜ਼ਾ ਦਿੱਤਾ ਜਾ ਸਕਦਾ ਹੈ।

### ਕੈਨੇਡਾ ਲਈ ਪ੍ਰਭਾਵ ਮੱਧਮ ਹੋਣਗੇ

ਉਦਯੋਗ ਮੰਤਰੀ ਫਰਾਂਕੋਇਸ ਫਿਲਪਸ ਸ਼ੈਂਪੇਨ ਨੇ ਕਿਹਾ ਕਿ ਕੈਨੇਡਾ ਤੇ ਰੂਸ ਵਿਚਕਾਰ ਵਪਾਰ ਬਹੁਤ ਘੱਟ ਹੈ ਪਰ ਪਾਬੰਦੀਆਂ ਨਾਲ ਵਿਸ਼ਵ ਪੱਧਰ 'ਤੇ ਗੈਸੋਲੀਨ, ਕਣਕ ਅਤੇ ਦੂਸਰੇ ਭੋਜਨ ਉਤਪਾਦਾਂ ਦੀਆਂ ਕੀਮਤਾਂ ਵਿਚ ਉਤਰਾਅ ਚੜ੍ਹਾਅ ਦੇਖਣ ਨੂੰ ਮਿਲ ਸਕਦਾ ਹੈ। ਕੁਲ ਮਿਲਾ ਕੇ ਕੈਨੇਡਾ ਲਈ ਅਸਰ ਬਹੁਤ ਮੱਧਮ ਹੋਵੇਗਾ।







# ਵੀਲ੍ਹ ਚੇਅਰ ਟੈਕਸੀ ਚਾਲਕਾਂ ਵੱਲੋਂ ਵਿਸ਼ੇਸ਼ ਰਿਆਇਤਾਂ ਦੀ ਮੰਗ-ਜਗਰੂਪ ਬਰਾੜ ਨੇ ਭਰੋਸਾ ਦੁਆਇਆ

ਸਰੀ (ਹਰਦਮ ਮਾਨ)-ਬੀਤੇ ਦਿਨ ਸਰੀ ਵਿਖੇ ਵੀਲ੍ਹ ਚੇਅਰ ਟੈਕਸੀ ਵੈਨ ਚਲਾਉਣ ਵਾਲੇ ਓਨਰ ਅਪਰੇਟਰਾਂ ਦੀ ਇਕ ਵਿਸ਼ੇਸ਼ ਮੀਟਿੰਗ ਹੋਈ ਜਿਸ ਵਿਚ ਇਨ੍ਹਾਂ ਟੈਕਸੀ ਚਾਲਕਾਂ ਨੂੰ ਪੈ ਰਹੇ ਵੱਧ ਖ਼ਰਿਚਆਂ ਅਤੇ ਦਰਪੇਸ਼ ਮੁਸ਼ਿਕਲਾਂ ਉੱਪਰ ਚਰਚਾ ਕੀਤੀ ਗਈ। ਇਸ ਮੀਟਿੰਗ ਵਿਚ ਲੋਅਰਮੇਨਲੈਂਡ ਦੀਆ ਸਾਰੀਆਂ ਟੈਕਸੀ ਕੰਪਨੀਆਂ ਦੇ ਓਨਰ ਅਪਰੇਟਰਾਂ ਨੇ ਵੱਡੀ ਗਿਣਤੀ ਵਿਚ ਹਿੱਸਾ ਲਿਆ। ਟੈਕਸੀ ਚਾਲਕਾਂ ਨੇ ਇਸ ਮੌਕੇ ਆਪਣੀਆਂ ਮੁਸ਼ਕਲਾਂ ਅਤੇ ਮਿਹੰਗਾਈ ਦੇ ਦੌਰ ਵਿੱਚ ਵਧ ਰਹੇ ਖਰਿਚਆਂ ਬਾਰੇ ਵਿਸ਼ੇਸ਼ ਵਿਚਾਰ ਵਟਾਂਦਰਾ ਕੀਤਾ। ਟੈਕਸੀ ਚਾਲਕਾਂ ਦੀਆਂ ਮੁਸ਼ਿਕਲਾਂ ਸੁਣਨ ਅਤੇ ਉਨ੍ਹਾਂ ਦੀ ਆਵਾਜ਼ ਬੀ. ਸੀ. ਸਰਕਾਰ ਤੱਕ ਪੁਚਾਉਣ ਲਈ ਸਰੀ ਦੇ ਐੱਮ ਐੱਲ ਏ ਜਗਰੂਪ ਸਿੰਘ ਬਰਾੜ ਮੀਟਿੰਗ ਵਿਚ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ ਅਤੇ ਟੈਕਸੀ ਚਾਲਕਾਂ ਵੱਲੋਂ ਉਨ੍ਹਾਂ ਨੂੰ ਇਕ ਮੰਗ ਪੱਤਰ ਵੀ ਪੇਸ਼ ਕੀਤਾ ਗਿਆ ਜਿਸ ਵਿਚ ਮੰਗ ਕੀਤੀ ਗਈਿ ਕ ਵੀਲ੍ਹ ਚੇਅਰ ਟੈਕਸੀ ਚਾਲਕਾਂ ਨੂੰ ਬਚਾਉਣ ਲਈ ਬੀਸੀ ਸਰਕਾਰ ਵੱਲੋਂ ਕੁਝ ਵਿਸ਼ੇਸ਼ ਰਿਆਇਤਾਂ ਦਿੱਤੀਆਂ ਜਾਣ, ਸਰਕਾਰ ਤੋਂ ਵਿਸ਼ੇਸ਼ ਤੌਰ ਤੇ ਮੰਗ ਕੀਤੀ ਗਈ ਕਿ ਵੀਲ੍ਹ ਚੀਅਰ ਟੈਕਸੀ ਚਲਾਉਣ ਵਾਲੇ ਓਨਰ ਅਪਰੇਟਰਾਂ ਨੂੰ 9 ਹਜਾਰ ਡਾਲਰ ਸਾਲਾਨਾ ਮੁਆਵਜ਼ਾ ਦਿੱਤਾ ਜਾਵੇ। ਟੈਕਸੀ ਕੰਪਨੀਆਂ ਪਾਸੋਂ ਮੰਗ ਕੀਤੀ ਗਈ ਕਿ ਐਕਸੀਡੈਂਟ ਤੋਂ ਬਾਅਦਾਂ ਇਨ੍ਹਾਂ ਚਾਲਕਾਂ ਤੋਂ ਡਿਸਪੈਚ ਖਰਚਾ ਨਾ ਲਿਆ ਜਾਵੇ। ਇਸ ਮੌਕੇ ਜਿਤੰਦਰ ਝੱਜ ਵੱਲੋਂ ਤਿਆਰ ਕੀਤੀ ਗਈ ਇਕ ਪਟੀਸ਼ਨ ਵੀ ਸਾਈਨ ਕਰ ਕੇ ਜਗਰੂਪ ਸਿੰਘ ਬਰਾੜ ਨੂੰ ਸੌਂਪੀ ਗਈ। ਜਗਰੂਪ ਸਿੰਘ ਬਰਾੜ ਨੇ ਉਨ੍ਹਾਂ ਦੀਆਂ ਮੰਗਾਂ ਸਰਕਾਰ ਤੀਕ ਪੁਚਾਉਣ ਦਾ ਭਰੋਸਾ ਦੁਆਇਆ।

## ਗਲੋਬਲ ਬਾਲ ਜਿਣਸੀ ਸ਼ੋਸ਼ਣ ਦੀ ਜਾਂਚ ਵਿਚ 47 ਕੈਨੇਡੀਅਨਾਂ 'ਤੇ ਦੋਸ਼ ਲਗਾਏ



ਓਟਵਾ-ਆਨਲਾਈਨ ਬਾਲ ਜਿਣਸੀ ਸ਼ੋਸ਼ਣ ਦੀ ਚਲ ਰਹੀ ਵਿਸ਼ਵ ਪੱਧਰੀ ਜਾਂਚ ਦੇ ਹਿੱਸੇ ਵਜੋਂ 47 ਕੈਨੇਡੀਅਨਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ 12 ਬੱਚਿਆਂ ਨੂੰ ਸ਼ੋਸ਼ਣ ਸਥਿਤੀਆਂ ਤੋਂ ਪਾਸੇ ਕੀਤਾ ਗਿਆ ਹੈ। ਪੁਲਿਸ ਨੇ ਦੱਸਿਆ ਕਿ ਜਾਂਚ ਜਿਸ ਨੂੰ ਆਪਰੇਸ਼ਨ ਐਚ ਆਖਿਆ ਗਿਆ ਦੌਰਾਨ ਕੈਨੇਡਾ ਵਿਚ 186 ਦੋਸ਼ ਲਗਾਏ ਗਏ ਹਨ। ਪਿਛਲੇ ਦੋ ਸਾਲਾਂ ਵਿਚ ਅੱਠ ਰਾਜਾਂ ਵਿਚੋਂ ਗ੍ਰਿਫ਼ਤਾਰੀਆਂ ਕੀਤੀਆਂ ਗਈਆਂ ਹਨ ਅਤੇ ਜਾਂਚ ਅਜੇ ਚਲ ਰਹੀ ਹੈ। ਇਕ ਇਲੈਕਟ੍ਰਾਨਿਕ ਸਰਵਿਸ ਪ੍ਰਵਾਈਡਰ ਜਿਸ ਨੂੰ ਵੱਡੀ ਗਿਣਤੀ ਵਿਚ ਗਾਹਕਾਂ ਵਲੋਂ ਬਹੁਤ ਹੀ ਗ੍ਰਾਫਿਕ ਤੇ ਹਿੰਸਕ ਬਾਲ ਜਿਣਸੀ ਸ਼ੋਸ਼ਣ ਸਮੱਗਰੀ ਨੂੰ ਆਨਲਾਈਨ ਸਾਂਝਾ ਕਰਨ ਦਾ ਪਤਾ ਲੱਗਾ ਸੀ ਵਲੋਂ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਨੂੰ ਸੁਚੇਤ ਕਰਨ ਪਿੱਛੋਂ 2019 ਦੀ ਪਤਝੜ ਵਿਚ ਨਿਊਜ਼ੀਲੈਂਡ ਵਿਚ ਇਸ ਦੀ ਜਾਂਚ ਸ਼ੁਰੂ ਹੋਈ ਸੀ। ਬਾਲ ਜਿਣਸੀ ਸ਼ੋਸ਼ਣ ਸਮੱਗਰੀ ਰੱਖਣ ਵਾਲੇ ਜਾਂ ਸਾਂਝਾ ਕਰਨ ਵਾਲੇ 90 ਹਜ਼ਾਰ ਤੋਂ ਵੀ ਵੱਧ ਅਕਾਉਂਟਸ ਦੀ ਪਛਾਣ ਕੀਤੀ ਗਈ ਹੈ। ਆਨਲਾਈਨ ਬਾਲ ਜਿਣਸੀ ਸ਼ੋਸ਼ਣ ਸੀਮਾ ਰਹਿਤ ਹੈ ਅਤੇ ਸਾਡੇ ਬਹੁਤ ਹੀ ਕਮਜ਼ੋਰ ਬੱਚਿਆਂ ਨੂੰ ਨਿਸ਼ਾਨਾ ਬਣਾਉਣ ਦੇ ਸਭ ਤੋਂ ਘਿਨਾਉਣੇ ਜ਼ੁਰਮਾਂ ਵਿਚ ਸ਼ਾਮਿਲ ਹੈ। ਆਰਸੀਐਮਪੀ ਦੇ ਸੁਪਰਡੈਂਟ ਐਂਡਰੇ ਬੋਇਲੇਓ ਨੇ ਇਕ ਨਿਊਜ਼ ਰਿਲੀਜ਼ ਵਿਚ ਦੱਸਿਆ ਕਿ ਆਪਰੇਸ਼ਨ ਐਚ ਇਸ ਗੱਲ ਦੀ ਪ੍ਰਮੁੱਖ ਉਦਾਹਰਣ ਹੈ ਕਿ ਬੱਚਿਆਂ ਨੂੰ ਬਚਾਉਣ ਲਈ ਵਿਸ਼ਵ ਸਹਿਯੋਗ ਸਾਡੇ ਸਾਰੇ ਦੇਸ਼ਾਂ ਦੀ ਮਦਦ ਕਰ ਸਕਦਾ ਹੈ। ਇਸ ਜਾਂਚ ਦੇ ਸਬੰਧ ਵਿਚ ਨਿਊਜ਼ੀਲੈਂਡ ਵਿਚ ਵੀ ਦਰਜਨਾਂ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਯੂਰੋਪੋਲ ਨੇ ਕਿਹਾ ਕਿ ਅੰਤਰਰਾਸ਼ਟਰੀ ਪੱਧਰ 'ਤੇ 800 ਮਾਮਲੇ ਖੋਲ੍ਹੇ ਗਏ ਹਨ ਅਤੇ ਯੂਰਪੀਨ ਯੂਨੀਅਨ ਵਿਚ 100 ਤੋਂ ਵੀ ਜ਼ਿਆਦਾ ਸ਼ੱਕੀ ਵਿਅਕਤੀਆਂ ਦੀ ਪਛਾਣ ਕੀਤੀ ਗਈ ਹੈ।

AVERAGE HOME VALUES ARE INCREASING IN YOUR AREA
FIND OUT WHAT YOUR HOME IS WORTH NOW!



SARBAT
REAL ESTATE SERVICES LTD.
BUY OR SELL... MAY EVERYONE PROSPER



Mandeep Rai PREC*
(604) 300-7724
mrai@mandeeprai.ca

Prabhjot Kaur
(236) 332-4443
soldbyprabhjot@gmail.com

www.sarbatrealestate.com

7170 129A Street $1,485,000




